A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ
Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

urban Real Estate Services Ltd.
Manjit Jaswal
ASSOCIATE
Residential & Commercial, Commissioner for Oaths
403.861.2253
Email: manjitjaswal@yahoo.ca
Website: www.manjitjaswal.net
126, 1935 32nd Ave NE Calgary, AB T2E7C8
Your House Sold in 90 Days Guaranteed or, We will Buy it *Conditions Apply

Vol: 8 No: 170 Website : www.punjabiakhbaar.ca Email: editor@punjabiakhbaar.ca Friday, 23 April 2021

## ਕੈਨੇਡਾ ਦਾ ਵੱਡੇ ਘਾਟੇ ਅਤੇ ਵੱਡੇ ਕਰਜ਼ੇ ਵਾਲਾ ਬੱਜਟ -2021 ਸੰਸਦ ਵਿੱਚ ਪੇਸ਼

- ਫੈਡਰਲ ਕੰਜ਼ਰਵੇਟਿਵ ਪਾਰਟੀ ਨੇ ਬਜਟ ਨੂੰ ਚੋਣਾਂ ਵਾਲਾ ਬਜਟ ਕਰਾਰ ਦਿੱਤਾ
- ਜਗਮੀਤ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਭੰਗ ਕਰਨ ਦੀ ਯੋਜਨਾ ਨੂੰ ਉਹ ਸਫ਼ਲ ਨਹੀਂ ਹੋਣ ਦੇਣਗੇ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਫਾਇਨੈਂਸ ਮਨਿਸਟਰ ਕ੍ਰਿਸਟੀਆ ਫ੍ਰੀਲੈਂਡ ਨੇ ਫਾਇਨੈਂਸ ਮਨਿਸਟਰੀ ਦਾ ਚਾਰਜ ਸੰਭਾਲੇ ਜਾਣ ਮਗਰੋਂ ਆਪਣਾ ਪਹਿਲਾ ਅਤੇ ਫੈਡਰਲ ਲਿਬਰਲ ਸਰਕਾਰ ਨੇ ਦੋ ਸਾਲ ਬਾਦ ਵੱਡੇ ਘਾਟੇ ਅਤੇ ਵੱਡੇ ਕਰਜ਼ੇ ਵਾਲਾ ਆਪਣਾ ਬਜਟ ਸੰਸਦ ਵਿੱਚ ਪੇਸ਼ ਕਰ ਦਿੱਤਾ ਹੈ। 724 ਸਫਿਆਂ ਦੇ ਆਪਣੇ ਇਸ ਬਜਟ ਭਾਸ਼ਣ ਵਿੱਚ ਇਸ ਸਾਲ ਲਈ 354.2 ਬਿਲੀਅਨ ਡਾਲਰ ਜਾਂ ਜੀ.ਡੀ.ਪੀ. ਦੇ 16% ਦੇ ਬਰਾਬਰ ਦਾ ਘਾਟਾ ਦਰਸਾਇਆ ਹੈ। ਅਗਲੇ ਸਾਲ ਇਹ ਬਜਟ ਘਾਟਾ ਘਟਾ ਕੇ 154.7 ਬਿਲੀਅਨ ਡਾਲਰ ਕਰਨ ਅਤੇ ਸਾਲ 2025-26 ਤੱਕ ਇਸ ਨੂੰ 30.7 ਬਿਲੀਅਨ ਡਾਲਰ ਜਾਂ ਜੀਡੀਪੀ ਦੀ 1% ਬਰਾਬਰੀ ਤੱਕ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ। ਰਾਸ਼ਟਰੀ ਕਰਜ਼ਾ ਅਗਲੇ 5 ਸਾਲ ਵਿੱਚ ਡੇਢ ਟ੍ਰਿਲੀਅਨ ਡਾਲਰ ਹੋ ਜਾਵੇਗਾ। ਕਰਜ਼ੇ ਅਤੇ ਜੀਡੀਪੀ ਦੀ ਅਨੁਪਾਤ 50% ਤੋਂ ਟੱਪ ਕੇ ਸਾਲ 2025-26 ਤੱਕ 49.2% ਤੱਕ ਜਾ ਸਕਦੀ ਹੈ। ਫਾਇਨੈਂਸ ਮਨਿਸਟਰ ਨੇ ਨੈਸ਼ਨਲ ਚਾਇਲਡ ਕੇਅਰ ਪ੍ਰੋਗਰੈਮ ਵਿੱਚ ਵੱਡੀ ਇਨਵੈਸਟਮੈਂਟ ਦਾ ਐਲਾਨ ਕਰਦਿਆਂ ਦੱਸਿਆ ਕਿ ਪਹਿਲੇ 3 ਸਾਲਾਂ ਦੌਰਾਨ 30 ਬਿਲੀਅਨ ਡਾਲਰ ਦਿੱਤੇ ਜਾਣਗੇ ਅਤੇ ਅਗਲੇ ਹਰ ਸਾਲ 8.3 ਬਿਲੀਅਨ ਡਾਲਰ ਦਿੱਤੇ ਜਾਣਗੇ ਜਿਸ ਨਾਲ ਸਾਲ 2025-26 ਤੱਕ ਇਸ ਦਾ ਖ਼ਰਚਾ 10 ਡਾਲਰ ਪ੍ਰਤੀ ਮਹੀਨਾ ਤੱਕ ਜਾ ਸਕਦਾ ਹੈ। ਗ੍ਰੀਨ ਰਿਕਵਰੀ ਵਾਸਤੇ 17.6 ਬਿਲੀਅਨ ਡਾਲਰ, ਮੂਲ ਨਿਵਾਸੀਆਂ ਲਈ 18 ਬਿਲੀਅਨ ਡਾਲਰ, ਪੈਨਡੈਮਿਕ ਬਿਜ਼ਨਸ ਅਤੇ ਇਨਕਮ ਸੱਪੋਰਟ ਕਦਮਾਂ ਵੇਜ ਅਤੇ ਰੈਂਟ ਸਬਸਿਡੀਜ਼ ਨੂੰ ਸਤੰਬਰ ਤੱਕ ਵਧਾਇਆ ਜਾ ਰਿਹਾ ਹੈ ਅਤੇ ਬਜ਼ੁਰਗਾਂ ਨੂੰ ਵੀ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਸਾਲ ਦੇ ਅੰਤ ਤੱਕ 10 ਲੱਖ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਫੈਡਰਲ ਕੰਜ਼ਰਵੇਟਿਵ ਪਾਰਟੀ ਨੇ ਇਸ ਬਜਟ ਨੂੰ ਬਹੁਤ ਵੱਡੇ ਖ਼ਰਚੇ ਅਤੇ ਕਰਜ਼ੇ ਵਾਲਾ ਦੱਸਿਆ ਹੈ ਅਤੇ ਇਸ ਨੂੰ ਚੋਣਾਂ ਵਾਲਾ ਬਜਟ ਕਰਾਰ ਦਿੱਤਾ ਹੈ। ਸਰਕਾਰ ਨੇ ਖ਼ਰਚਿਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ ਤੇ ਨਾ ਹੀ ਆਰਥਕ ਰਿਕਵਰੀ ਦਾ ਕੋਈ ਸੰਕੇਤ ਦਿੱਤਾ ਗਿਆ ਹੈ। ਫੈਡਰਲ ਐਨਡੀਪੀ ਲੀਡਰ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਹ ਚਾਇਲਡ ਕੇਅਰ ਪ੍ਰੋਗਰਾਮ ਦਾ ਸਮਰਥਨ ਕਰਨਗੇ ਪਰ ਇਹ ਪ੍ਰੋਗਰਾਮ ਲਾਗੂ ਨਹੀਂ ਸਕੇਗਾ ਕਿਉਂਕਿ ਲਿਬਰਲ ਪਹਿਲਾਂ ਵੀ ਵਾਅਦੇ ਕਰਕੇ ਮੁੱਕਰ ਜਾਣ ਦੇ ਆਦੀ ਰਹੇ ਹਨ। ਉਹ ਇਸ ਬਜਟ ਨੂੰ ਸਮਰਥਨ ਦੇਣਗੇ ਅਤੇ ਸਰਕਾਰ ਭੰਗ ਕਰਨ ਦੀ ਯੋਜਨਾ ਨੂੰ ਸਫ਼ਲ ਨਹੀਂ ਹੋਣ ਦੇਣਗੇ। ਬਲੌਕ ਕਿਊਬੈਕਵਾ ਲੀਡਰ ਈਵ ਫ੍ਰਾਂਸਵਾ ਬਲੈਂਸ਼ੈੱਟ ਦਾ ਕਹਿਣਾ ਹੈ ਕਿ ਇਹ ਸਮਾਂ ਚੋਣਾਂ ਦਾ ਨਹੀਂ ਹੈ ਤੇ ਸਰਕਾਰ ਇਸੇ ਦੀ ਤਿਆਰੀ ਕਰ ਰਹੀ ਹੈ ਪਰ ਉਹ ਸਰਕਾਰ ਨੂੰ ਡਿੱਗਣ ਨਹੀਂ ਦੇਣਗੇ। ਗ੍ਰੀਨ ਪਾਰਟੀ ਲੀਡਰ ਐਨੇਮੀ ਪੌਲ ਨੇ ਕਿਹਾ ਹੈ ਕਿ ਇਹ ਬਜਟ ਲੋਕਾਂ ਦੀ ਤਰਜਮਾਨੀ ਨਹੀਂ ਕਰਦਾ ਅਤੇ ਉਹਨਾਂ ਦੀ ਨਿਗ੍ਹਾ ਆਉਂਦੇ ਗ੍ਰੀਨ ਸਮਿਟ 'ਤੇ ਰਹੇਗੀ ਜਿਸ ਵਿੱਚ ਪ੍ਰੈਜ਼ੀਡੈਂਟ ਜੋ ਬਾਇਡਨ ਅਤੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਸ਼ਾਮਲ ਹੋ ਰਹੇ ਹਨ।




## ਕੈਨੇਡਾ ਵਿੱਚ ਅੰਤਰਰਾਸ਼ਟਰੀ ਨਸ਼ਾ ਤਸਕਰੀ ਗ੍ਰੋਹ ਦਾ ਪਰਦਾਫਾਸ਼, 33 ਵਿਅਕਤੀ ਗ੍ਰਿਫਤਾਰ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ): ਟੋਰਾਂਟੋ ਖੇਤਰ ਵਿੱਚ ਪੁਲਿਸ ਨੇ "ਪ੍ਰੋਜੈਕਟ ਚੀਤਾ" ਅਧੀਨ ਕਾਰਵਾਈ ਕਰਦਿਆਂ ਇੱਕ ਵੱਡੇ ਅੰਤਰਰਾਸਟਰੀ ਨਸਾ ਤਸਕਰੀ ਗ੍ਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਇਸ ਗ੍ਰੋਹ ਕੋਲੋਂ 48 ਹਥਿਆਰ, 730,000 ਡਾਲਰ ਕੈਨੇਡੀਅਨ ਕਰੰਸੀ ਅਤੇ 25 ਲੱਖ ਡਾਲਰ ਦੇ ਨਸੀਲੇ ਪਦਾਰਥ ਜਬਤ ਕੀਤੇ ਹਨ, ਜਿਨ੍ਹਾਂ ਵਿਚ 10 ਕਿੱਲੋ ਕੋਕੀਨ, 8 ਕਿੱਲੋ ਕੇਟਾਮਾਈਨ, 3 ਕਿੱਲੋ ਹੈਰੋਇਨ ਅਤੇ 2.5 ਕਿੱਲੋ ਅਫੀਮ ਸਾਮਲ ਹੈ। ਇਸ ਸਬੰਧ ਵਿਚ ਪੁਲਿਸ ਵੱਲੋਂ 8 ਅਪ੍ਰੈਲ ਨੂੰ ਓਨਟਾਰੀਓ, ਬੀ.ਸੀ. ਅਤੇ ਕੈਲੀਫੋਰਨੀਆ ਵਿਚ 50 ਤੋਂ ਵੱਧ ਸਰਚ ਵਾਰੰਟਾਂ ਉਪਰ ਕਾਰਵਾਈ ਕੀਤੀ ਗਈ ਸੀ। ਪੁਲਿਸ ਵੱਲੋਂ ਕੈਨੇਡਾ ਅਤੇ ਅਮਰੀਕਾ ਵਿੱਚ ਹੁਣ ਤੱਕ 33 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਵੱਡੀ ਨਮੋਸ਼ੀ ਇਸ ਗੱਲ ਦੀ ਹੈ ਕਿ ਗ੍ਰਿਫਤਾਰ ਕੀਤੇ ਇਨ੍ਹਾਂ ਲੋਕਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸ਼ਾਮਲ ਹਨ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗ੍ਰੋਹ ਮੈਂਬਰਾਂ ਦੀ ਸੂਚੀ ਵਿਚ ਪਰਸ਼ੋਤਮ ਮੱਲ੍ਹੀ, ਰੁਪਿੰਦਰ ਢਿੱਲੋਂ, ਸਨਵੀਰ ਸਿੰਘ, ਹਰਪਾਲ ਨਾਗਰਾ, ਪ੍ਰਿਤਪਾਲ ਸਿੰਘ, ਹਰਕਿਰਨ ਸਿੰਘ, ਲਖਪ੍ਰੀਤ ਬਰਾੜ, ਸਰਬਜੀਤ ਸਿੰਘ, ਬਲਵਿੰਦਰ ਧਾਲੀਵਾਲ, ਰੁਪਿੰਦਰ ਧਾਲੀਵਾਲ, ਰਣਜੀਤ ਸਿੰਘ, ਸੁਖਮਨਪ੍ਰੀਤ ਸਿੰਘ, ਰੁਪਿੰਦਰ ਸ਼ਰਮਾ, ਪ੍ਰਭਸਿਮਰਨ ਕੌਰ, ਖੁਸ਼ਹਾਲ ਭਿੰਡਰ, ਪ੍ਰਭਜੀਤ ਮੁੰਡੀਆਂ, ਵੰਸ਼ ਅਰੋੜਾ, ਸਿਮਰਨਜੀਤ ਨਾਰੰਗ, ਹਰਜਿੰਦਰ ਝੱਜ, ਗਗਨਪ੍ਰੀਤ ਗਿੱਲ, ਸੁਖਜੀਤ ਧਾਲੀਵਾਲ, ਇਮਰਾਨ ਖਾਨ, ਹਰਜੋਤ ਸਿੰਘ, ਸੁਖਜੀਤ ਧੁੱਗਾ, ਹਾਸਮ ਸਈਅਦ ਦੇ ਨਾਂ ਸ਼ਾਮਲ ਹਨ ਅਤੇ ਗੁਰਬਿੰਦਰ ਸੂਚ ਅਜੇ ਭਗੌੜਾ ਹੈ। ਇਹ ਕਥਿਤ ਦੋਸੀ ਟੋਰਾਂਟੋ, ਬਰੈਂਪਟਨ, ਵਾਅਨ, ਕੈਲੇਡਨ ਆਦਿ ਸਹਿਰਾਂ ਦੇ ਵਾਸੀ ਹਨ।

NEW FLOORPLAN NOW AVAILABLE!
CORNERSTONE
PAIRED HOMES from 1464 - 1644 sq. ft.
starting from the upper $300's*
9 FOOT BASEMENT CEILING • SIDE ENTRIES • OPTIONAL GARAGE PACKAGE
Visit the Cornerstone Showhome
131 Cornerstone Meadows Ave NE
Mon-Thurs: 2-8 pm, Sat, Sun & Holidays: 12-5 pm
Contact Dave Gearey
403-536-2321 | cornerstonepaired@shanehomes.com
shanehomes.com/cornerstone
SHANE HOMES
*Pricing includes house, lot, GST, and developer incentives. Subject to change without notice. Conditions Apply. See Area Managers for details.

Great, Professionally Trained Agents on your side
(403) 400-0000
Contact one of our realtors to get the results you want
ESTATEVIEW™
Real Estate & Property Management
Homes, Appartments, Commercial Bays, Businesses, Condos & Condo Corporations
Rabinder Gill

INVISALIGN & BRACES
ਇਨਵਿਜ਼ਅਲਾਇਨ ਅਤੇ ਬ੍ਰੇਸਿਸ
In House Orthodontist Available
$50 / Week
invisalign
OUR SERVICES
VENEERS, CROWNS
NIGHT GUARDS
KIDS DENTISTRY
LIP FILLER AND BOTOX
TREAT HALITOSIS (BAD BREATH CARE)
TEETH WHITENING
GRINDING APPLIANCES
GENERAL DENTISTRY
EXTRACTIONS & WISDOM TEETH REMOVAL
SPORTS DENTAL APPLIANCES
All the DENTAL treatments except ortho are treated by General Dentist. DR. KHATTRA & ASSOCIATES
587-356-0555
DR. KHATTRA & ASSOCIATES info@redstonesmilesdental.com
#130-630 Redstone Dr NE, Calgary, AB T3N 1B6
OUR DENTAL FEES ARE LOWER THAN ALBERTA FEE GUIDE
DENTURES ਡੈਂਚਰ
In House Denturist Available
For your denture services book your free consult.
REDSTONE Smiles DENTAL
We speak Continense, Mandarin, Vietnamese, Tagalog, Arabic, Urdu, Punjabi and Hindi in addition to English.
✓ WE ACCEPT ALL INSURANCES ✓ FINANCING AVAILABLE
✓ DIRECT BILLING TO INSURANCE ✓ NO OBLIGATION CONSULT

Call For All Your Real Estate Needs
ਕੈਲਗਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਕੋਈ ਵੀ ਕਮਰਸ਼ੀਅਲ
ਪ੍ਰਾਪਰਟੀ ਨਵਾਂ ਜਾਂ ਪੁਰਾਣਾ ਘਰ, ਖਰੀਦਣ ਜਾਂ ਵੇਚਣ ਲਈ ਕਾਲ ਕਰੋ
Aman Virk
403-608-1015
amanbirvirk@gmail.com
Century 21
Liquor Store, Car Wash, Condo, Bays for Sale
Gurprit Sidhu (Rana)
403-831-5000
sidhugurprit@hotmail.com

ਨਵੇਂ ਡਰਾਈਵਰਾਂ ਲਈ ਐਲ ਐਮ ਆਈ ਏ (LMIA) ਲਈ ਵੀ ਮਦਦ ਕਰਦੇ ਹਾਂ
ਕਲਾਸ ਵਨ ਡਰਾਈਵਰਾਂ ਦੀ ਲੋੜ
2 ਸਾਲ ਦਾ ਤਜ਼ਰਬਾ ਹੋਵੇ।
ਕੈਲਗਰੀ-ਕੈਲੀਫੋਰਨੀਆਂ
ਕੈਲਗਰੀ-ਟਰਾਂਟੋ
GURU ROAD CONNECTIONS LTD. CALGARY, AB SAFE SERVICE ON TIME
We need CLASS 1 DRIVERS and OWNER OPERATORS
GURU ROAD CONNECTIONS LTD
PHONE : 403-798-6878
CELL : 403-461-7007
GRC
GURU ROAD CARRIERS LTD
"SAFE SERVICE ON TIME"
ਡਰਾਈਵਰਾਂ ਦੀ ਲੋੜ ਹੈ
ਉਮਰ 25+
ਅਲਬਰਟਾ ਹਾਈਵੇਅ
ਲੋਕਲ ਕੈਲਗਰੀ ਕਨਟੇਨਰ ਵਰਕ
ਕਲਾਸ 1 ਡਰਾਈਵਰ ਲਾਇਸੰਸ
1 ਸਾਲ ਦਾ ਤਜ਼ਰਬਾ ਹੋਵੇ
EMAIL : grc2.dispatch@gmail.com
Harry Mangat (Operations Manager)
CELL : 403-461-7007
ਨਵੇਂ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ।
PHONE : 403-568-7005
Fax : 403-568-1006

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ
ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਐਂਪਾਇਰ ਕੈਲਗਰੀ ਆਓ
ਫਿਰ ਦੇਖਿਓ ਜ਼ਿੰਦਗੀ ਦੇ ਰੰਗ
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕੈਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4

# ਰਾਜਿਆਂ ਜਿਹਾ ਤਾਂ ਰਹਿਣ ਸਹਿਣ ਜੱਟ ਦਾ

## ਵਿਰਕਾਂ ਆਲੇ ਮੁੰਡੇ ਹੈਰੀ ਵਿਰਕ ਦਾ ਰਾਇਲ ਕਿੰਗਜ ਗੀਤ ਚਰਚਾ ਵਿੱਚ ਹੈ



ਪਾਲੀ ਵਿਰਕ





ਲੁਧਿਆਣੇ ਦੇ ਨੇੜਲੇ ਪਿੰਡ ਵਿਰਕਾਂ ਦਾ ਜੰਮਪਲ ਅਤੇ ਕਨੇਡਾ ਦੇ ਉੱਘੇ ਕਾਰੋਬਾਰੀ ਕੈਲਗਰੀ ਵਸਦੇ ਨਾਮਵਰ ਸਮਾਜ ਸੇਵੀ ਪਾਲੀ ਵਿਰਕ ਦਾ ਭਤੀਜਾ ਹੈਰੀ ਵਿਰਕ ਅੱਜ ਕੱਲ੍ਹ ਆਪਣੇ ਨਵੇਂ ਗੀਤ "ਰਾਜਿਆਂ ਜਿਹਾ ਤਾਂ ਰਹਿਣ ਸਹਿਣ ਜੱਟ ਦਾ ਨੀ ਪਿੱਛੇ ਫਿਰਦੀਆਂ ਟੌਪ ਦੀਆਂ ਨਾਰੀਆਂ " ਕਾਰਣ ਖੂਬ ਚਰਚਾ ਵਿੱਚ ਹੈ। ਗੀਤ ਦਾ ਫਿਲਮਾਕਣ ਵੀ ਪੰਜਾਬੀ ਪੇਂਡੂ ਦਿੱਖ ਵਿੱਚ ਫਿਲਮਾਇਆ ਗਿਆ ਹੈ,ਜਿਸ ਦੇ ਲਈ ਸਿਨੇਮਾਸਟਰ ਫਿਲਮਜ, ਡੀ ਓ ਪੀ ਸੋਨੂੰ ਵਰਮਾ, ਅਤੇ ਵਧਾਈ ਦੇ ਪਾਤਰ ਹਨ।ਮੇਨ ਲੀਡ ਡਾਇਰੈਕਟਰ ਮਾਸਟਰ ਐਚ ਵਿੱਚ ਹੈਰੀ ਵਿਰਕ ਖੁਦ ਅਤੇ ਕਸਿਕਾ ਭਾਟੀਆ ਨੇ ਮਨ ਮੋਹ ਲੈਣ ਵਾਲਾ ਕੰਮ ਕੀਤਾ ਹੈ। ਗੀਤ ਦੇ ਬੋਲ ਪੰਜੀ ਸੇਰਪੁਰ ਨੇ ਲਿਖੇ ਹਨ । ਸਾਬਾਸ ਵਾਲਾ ਥਾਪੜਾ ਦੇਣ ਵਿੱਚ ਪਾਲੀ ਵਿਰਕ ,ਭੰਗੜਾ ਰੂਟਸ ਵਾਲਾ ਹਰਦੀਪ ਲੁਧਿਆਣਾ,ਮਿਸਟਰ ਅਵਤਾਰ, ਜਸਵੀਰ ਵਿਰਕ, ਫਤਿਹ ਵਿਰਕ ,ਸਰਬਜੀਤ ਅਤੇ ਗਿੰਦਾ ਦੇ ਨਾਂ ਵਰਨਣਯੋਗ ਹਨ। ਕਨੇਡਾ ਧਰਤੀ ਉੱਪਰ ਵੱਡੇ ਵੱਡੇ ਨਾਮੀ ਕਲਾਕਾਰਾਂ ਦੇ ਸੋਅ ਪਰਮੋਟ ਕਰਨ ਵਾਲੇ ਕੈਲਗਰੀ ਵਾਸੀ ਪਾਲੀ ਵਿਰਕ ਹੋਰਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਮਿੱਟੀ ਨਾਲ ਜੁੜੇ ਗੀਤ ਸਾਡੇ ਸੱਭਿਆਚਾਰ ਨੂੰ ਜਿੰਦਾ ਰੱਖ ਸਕਦੇ ਹਨ ਹੈਰੀ ਵਿਰਕ ਦੇ ਇਸ ਗੀਤ ਨੂੰ ਪੰਜਾਬੀ ਸੰਗੀਤ ਪ੍ਰੇਮੀਆਂ ਅੱਗੇ ਪੇਸ ਕਰਦਿਆਂ ਉਹ ਮਾਣ ਮਹਿਸੂਸ ਕਰਦੇ ਹਨ । ਸੰਗੀਤ ਪ੍ਰੇਮੀਆਂ ਵੱਲੋਂ ਇਸ ਗੀਤ ਨੂੰ ਸੰਗੀਤ ਦੇ ਖੇਤਰ ਵਿੱਚ ਜੋਸੋ ਖਰੋਸ ਨਾਲ ਜੀ ਆਇਆਂ ਨੂੰ ਆਖਿਆ ਜਾ ਰਿਹਾ ਹੈ।

# ਕੈਲਗਰੀ ਦੇ ਨਾਰਥ ਈਸਟ ਵਿੱਚ ਖੇਡਾਂ ਖੇਡਣ ਲਈ ਆਰਟੀਫਿਸੀਅਲ ਟਰਫ ਕਮਿਓਨਿਟੀ ਫੀਲਡ ਦੀ ਨੀਂਹ ਕੌਸਲਰ ਜਾਰਜ ਚਾਹਲ ਨੇ ਰੱਖੀ




ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਭਾਹਰ ਖੁੱਲੇ ਮੈਦਾਨ ਖੇਡਾਂ ਖੇਡਣ ਲਈਹਾਲੇ ਤੱਕ ਕੋਈ ਚੰਗਾ ਖੇਡ ਮੈਦਾਨ ਨਹੀਂ ਸੀ ਪਰ ਹੁਣ ਵਾਰਡ 5 ਤੋਂ ਕੌਂਸਲਰ ਜਾਰਜ ਚਾਹਲ ਦੇ ਉਪਰਾਲੇ ਨਾਲ ਇਸ ਨੂੰਬਣਾਉਣ ਦਾ ਕੰਮ ਸੁਰੂ ਹੋ ਗਿਆ ਹੈ।ਨੀਂਹ ਪੁੱਟਣ ਦੀ ਰਸਮ ਮੌਕੇ ਜਾਰਜ ਚਾਹਲ ਨੇ ਦੱਸਿਆ ਕਿ ਕੈਲਗਰੀ ਸਹਿਰਦੀਆਂ ਬਾਕੀ ਥਾਵਾਂ ਉੱਪਰ ਅਜਿਹੇ 78 ਖੇਡ ਮੈਦਾਨ ਪਹਿਲਾਂ ਹੀ ਬਣੇ ਹੋਏ ਹਨ ਪਰ ਨਾਰਥ ਈਸਟ ਦਾ ਏਰੀਆਅਜਿਹੀਆਂ ਸਹੂਲਤਾਂ ਤੋਂ ਸੱਖਣਾ ਸੀ । ਇਸ ਕਾਰਜ ਨੂੰ ਨੇਪਰੇ ਚਾੜਣ ਲਈ ਐਮ ਐਲ ਏ ਇਰਫਾਨ ਸਾਬਿਰ ਦਾ ਉਹਨਾਂਵਿਸੇਸ ਧੰਨਵਾਦ ਕੀਤਾ । ਉਹਨਾ ਆਸ ਪ੍ਰਗਟ ਕੀਤੀ ਕਿ ਛੇਤੀ ਹੀ ਕਰੋਨਾ ਵੈਕਸੀਨ ਸਾਰਿਆਂ ਨੂੰ ਮਿਲ ਜਾਣ ਉਪਰੰਤਹਾਲਾਤ ਸੁਖਾਵੇਂ ਹੋਣਗੇ ਅਤੇ ਸਾਡੇ ਬੱਚੇ ਰਲ ਮਿਲਕੇ ਇਹਨਾਂ ਖੁੱਲੇ ਮੈਦਾਨਾਂ ਅੰਦਰ ਆਪਣੀ ਖੇਡਾਂ ਦੀ ਰੁਚੀ ਨੂੰ ਪਰਫੁਲਤ ਕਰ ਸਕਣਗੇ ।

# ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਨੇ ਵਿਛੜਿਆਂ ਨੂੰ ਚੇਤੇ ਕਰਦਿਆਂ ਸਾਹਿਤਕ ਰੰਗ ਸਾਂਝੇ ਕੀਤੇ




**ਕੈਲਗਰੀ (ਪੰਜਾਬੀ ਅਖਬਾਰ ਬਿਊਰੋ)** – ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਪ੍ਰੈਲ ਮਹੀਨੇ ਦੀ ਇਕੱਤਰਤਾ 11 ਅਪਰੈਲ ਦਿਨ ਐਤਵਾਰ ਬਾਦ ਦੁਪਹਿਰ ਤਿੰਨ ਵਜੇ ਜ਼ੂਮ ਰਾਹੀ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ। ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਜਗਤ ਦੀਆਂ ਵਿਛੜੀਆਂ ਰੂਹਾਂ, ਪ੍ਰਸਿੱਧ ਸ਼ਾਇਰਾ ਤਰਨ ਗੁਜਰਾਲ , ਪ੍ਰਿ: ਪ੍ਰਿਤਪਾਲ ਸਿੰਘ , ਪ੍ਰੋ. ਇੰਦਰਜੀਤ ਸਿੰਘ , ਹਰਵਿੰਦਰ ਰਿਆੜ , ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮਸ਼ਹੂਰ ਗਾਇਕ ਸ਼ੌਕਤ ਅਲੀ, ਨੌਜਵਾਨ ਗਾਇਕ ਦਿਲਜਾਨ ,ਅਤੇ ਉੱਘੇ ਲੇਖਕ ਦਰਸ਼ਨ ਸਿੰਘ ਧੀਰ ਨੂੰ ਯਾਦ ਕਰਦਿਆਂ , ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬੀ ਸਾਹਿਤ ਜਗਤ ਵਿੱਚ ਇਹਨਾਂ ਰੂਹਾਂ ਦਾ ਸਦੀਵੀ ਵਿਛੋੜਾ ਪੂਰਾ ਨਾ ਹੋਣ ਵਾਲਾ ਘਾਟਾ ਹੈ। ਰਾਮ ਸਰੂਪ ਅਣਖੀ ਨੇ ਇਕ ਫਿਲਮੀ ਗੀਤ ਨਾਲ ਸਭਾ ਦੀ ਕਾਰਵਾਈ ਦਾ ਅਰੰਭ ਕੀਤਾ। ਸ: ਜਗਦੇਵ ਸਿੰਘ ਸਿੱਧੂ ਹੋਰਾਂ ਨੇ ਮੌਜੂਦਾ ਕਿਸਾਨ ਸੰਘਰਸ਼ ਦੇ ਸ਼ਹੀਦਾਂ ਅਤੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਆਪਣੀ ਇਕ ਖੂਬਸੂਰਤ ਨਜ਼ਮ ਸਰੋਤਿਆਂ ਨਾਲ ਸਾਂਝੀ ਕੀਤੀ । ਕਵਿਤਾ ਨੇ ਪੰਜਾਬੀ ਭਾਸ਼ਾ ਦੇ ਭੁੱਲੇ ਵਿਸਰੇ ਸ਼ਬਦਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪੰਜਾਬੀ ਸਾਹਿਤ ਸਭਾ ਦੇ ਸਾਬਕਾ ਜਨਰਲ ਸਕੱਤਰ ਰਾਜ ਕੈਲਗਰੀ ਨੇ ਸਿਟੀ ਆਫ਼ ਕੈਲਗਰੀ ਦੇ ਟਰਾਂਜਿਟ ਮਹਿਕਮੇ ਵਿੱਚ ਹੋ ਰਹੇ ਨਿੱਜੀਕਰਨ ਬਾਰੇ ਡੂੰਘੀ ਚਿੰਤਾ ਪ੍ਰਗਟਾਈ ਕਿ ਕਿਸ ਤਰ੍ਹਾਂ ਸੰਸਾਰ ਨਿੱਜੀਕਰਨ ਦੇ ਰਾਹੇ ਤੁਰਿਆ ਜਾ ਰਿਹਾ ਹੈ। ਸਰਮਾਏਦਾਰੀ ਹਰ ਖੇਤਰ ਵਿੱਚ ਆ ਵੜੀ ਹੈ। ਮਨੁੱਖੀ ਅਧਿਕਾਰਾਂ ਤੇ ਡਾਕੇ ਪੈ ਰਹੇ ਹਨ । ਇਹ ਸਾਰੇ ਚਿੰਤਾਜਨਕ ਵਿਸ਼ੇ ਹਨ ਜਿਹਨਾਂ ਵਿਰੁਧ ਆਵਾਜ਼ ਉਠਾਉਣ ਦੀ ਲੋੜ ਹੈ ।

ਜਸਵੀਰ ਸਿੰਘ ਸਹੋਤਾ , ਜਗਜੀਤ ਸਿੰਘ ਰੈਂਹਸੀਂ, ਡਾ. ਰਾਜਵੰਤ ਕੌਰ ਮਾਨ , ਸ੍ਰੀ ਪਰਸ਼ੋਤਮ ਭਰਦਵਾਜ , ਜਰਨੈਲ ਤੱਗੜ . ਸਰਬਜੀਤ ਕੌਰ ਉੱਪਲ, ਸ: ਜੋਗਾ ਸਿੰਘ ਸਹੋਤਾ , ਗੁਰਵਿੰਦਰ ਨੀਟਾ, ਸੁਖਵਿੰਦਰ ਸਿੰਘ ਤੂਰ , ਸ: ਮਨਮੋਹਨ ਸਿੰਘ ਬਾਠ , ਸ: ਗੁਰਦਿਆਲ ਸਿੰਘ ਖਹਿਰਾ , ਮਨਜੀਤ ਬਰਾੜ ਅਤੇ ਸਭਾ ਦੀ ਨਵੀਂ ਮੈਂਬਰ ਗੁਰਸ਼ਰਨ ਔਜਲਾ ਤੇ ਸੁਰਿੰਦਰ ਗੀਤ ਨੇ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਗਵਾਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਬਾਖ਼ੂਬੀ ਨਿਭਾਈ ।ਅੰਤ ਵਿੱਚ ਸੁਰਿੰਦਰ ਗੀਤ ਨੇ ਸਭ ਦਾ ਧੰਨਵਾਦ ਕੀਤਾ ਅਤੇ ਪੰਜਾਬੀ ਸਾਹਿਤ ਸਭਾ ਦੀ ਲਗਾਤਾਰ ਹੋ ਰਹੀ ਤਰੱਕੀ ਲਈ ਸਭ ਨੂੰ ਵਧਾਈ ਦਿੱਤੀ।

ਕੈਲਗਰੀ ਵਾਸੀ ਖੇਡ ਪ੍ਰਮੋਟਰ ਗੁਰਲਾਲ ਗਿੱਲ ਮਾਣੂੰਕੇ ਨੂੰ ਸਦਮਾ –

# ਮਾਤਾ ਇੰਦਰਜੀਤ ਕੌਰ ਗਿੱਲ ਬੀਤੀ 10 ਅਪ੍ਰੈਲ 2021 ਨੂੰ ਅਕਾਲ ਚਲਾਣਾ ਕਰ ਗਏ



ਸਵ. ਮਾਤਾ ਇੰਦਰਜੀਤ ਕੌਰ ਗਿੱਲ



ਇੱਕੋ ਛੱਤ ਹੇਠ ਰਹਿੰਦੇ ਮਾਣੂਕਿਆਂ ਵਾਲੇ ਵਿਸਾਲ਼ ਪਰਿਵਾਰ ਦੀ ਪੁਰਾਣੀ ਯਾਦਗਾਰੀ ਫੋਟੋ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਉੱਘੇ ਖੇਡ ਪ੍ਰਮੋਟਰ ਗੁਰਲਾਲ ਗਿੱਲ ਮਾਣੂੰਕੇ ਅਤੇ ਉਹਨਾਂ ਦੇ ਵਿਸ਼ਾਲ ਹਿਰਦੇ ਵਾਲੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਇਸ ਸਮਾਜ ਸੇਵੀ ਪਰਿਵਾਰ ਦੀ ਮੋਢੀ ਮਾਤਾ ਇੰਦਰਜੀਤ ਕੌਰ ਬੀਤੀ 10 ਅਪਰੈਲ 2021 ਨੂੰ 72 ਸਾਲ ਦੀ ਮਾਣਮੱਤੀ ਉਮਰ ਭੋਗਦੇ ਹੋਏ ਪਿੰਡ ਮਾਣੂੰਕੇ ਵਿਖੇ ਅਕਾਲ ਚਲਾਣਾ ਕਰ ਗਏ । ਮਾਤਾ ਜੀ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਪਿੰਡ ਮਾਣੂੰਕੇ ਵਿਖੇ ਸੈਂਕੜਿਆਂ ਦੀ ਗਿਣਤੀ ਵਿੱਚ ਸਕੇ ਸਨੇਹੀਆਂ, ਰਿਸ਼ਤੇਦਾਰਾਂ ਅਤੇ ਪਰਿਵਾਰ ਨਾਲ ਹਮਦਰਦੀ ਰੱਖਣ ਵਾਲਿਆਂ ਦੀ ਹਾਜਰੀ ਵਿੱਚ ਬਹੁਤ ਹੀ ਗਮਗੀਨ ਮਾਹੌਲ ਵਿੱਚ ਹੋਇਆ। 18 ਅਪ੍ਰੈਲ ਨੂੰ ਪਿੰਡ ਮਾਣੂਕੇ ਵਿਖੇ ਗੁਰੂਘਰ ਅੰਦਰ ਅੰਤਿਮ ਅਰਦਾਸ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਰਧਾਂਜਲੀ ਸਮਾਰੋਹ ਦੌਰਾਨ ਹਾਜਰੀ ਭਰੀ ਜਿਹਨਾਂ ਵਿੱਚ ਸਾਬਕਾ ਮੰਤਰੀ ਪੰਜਾਬ ਦਰਸਨ ਸਿੰਘ ਬਰਾੜ, ਸਾਬਕਾ ਮੈਂਬਰ ਪਾਰਲੀਮੈਂਟ ਸਾਧੂ ਸਿੰਘ,ਸਾਬਕਾ ਐਮ ਐਲ ਏ ਬੀਬੀ ਰਾਜਵਿੰਦਰ ਕੌਰ ਭਾਗੀਕੇ,ਅਜੀਤ ਸਿੰਘ ਸਾਂਤ ਸਾਬਕਾ ਐਮ ਐਲ ਏ, ਕਾਂਗਰਸੀ ਆਗੂ ਸਵਰਨ ਸਿੰਘ ਆਦੀਵਾਲ,ਕਾਂਗਰਸੀ ਆਗੂ ਭੋਲਾ ਸਿੰਘ ਸਮਾਧ ਭਾਈ, ਅਕਾਲੀ ਆਗੂ ਦਰਸਨ ਸਿੰਘ ਸਮਾਧ ਭਾਈ,ਡਾਕਟਰ ਨਿਹਾਲ ਸਿੰਘ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਸਾਮਿਲ ਸਨ। ਵਰਨਣਯੋਗ ਹੈ ਕਿ ਮਾਣੂੰਕਿਆਂ ਵਾਲੇ ਇਸ ਸੰਯੁਕਤ ਪਰਿਵਾਰ ਜਿਸ ਦੇ ਇਸ ਵੇਲੇ 65 ਪਰਿਵਾਰਕ ਮੈਂਬਰ ਹਨ ਸਾਰੇ ਇਕੱਠੇ ਰਹਿੰਦੇ ਹਨ । ਆਪਣੇ ਇਲਾਕੇ ਵਿੱਚ ਜਾਣੇ ਪਛਾਣੇ ਸਿਰਕੱਢ ਸਮਾਜ ਸੇਵੀ ਲੰਮਾ ਸਮਾਂ ਪਿੰਡ ਮਾਣੂੰਕਿਆਂ ਦੀ ਸਰਪੰਚੀ ਕਰਨ ਵਾਲੇ ਸ: ਮੋਹਰ ਸਿੰਘ ਗਿੱਲ ਦੀ ਧਰਮਪਤਨੀ ਮਾਤਾ ਇੰਦਰਜੀਤ ਕੌਰ ਪਿਛਲੇ ਲੰਮੇ ਸਮੇ ਤੋਂ ਆਪਣੇ ਪਰਿਵਾਰ ਨਾਲ ਸਾਲ 2003 ਤੋਂ ਕੈਲਗਰੀ ਵਿਖੇ ਹੀ ਰਹਿ ਰਹੇ ਸਨ। ਉਹਨਾਂ ਦੇ ਦੋ ਬੇਟੇ ਸ: ਗੁਰਲਾਲ ਸਿੰਘ ਅਤੇ ਮਨਮੋਹਨ ਸਿੰਘ ਤੋਂ ਇਲਾਵਾ ਦੋ ਬੇਟੀਆਂ ਹਨ । ਬੇਟੀਆਂ ਵੀ ਕੈਲਗਰੀ ਹੀ ਰਹਿੰਦੀਆਂ ਹਨ। ਥੋੜਾ ਸਮਾਂ ਪਹਿਲਾਂ ਹੀ ਉਹ ਪੰਜਾਬ ਗਏ ਸਨ ਕਿ ਅਚਾਨਕ ਮਾਮੂਲੀ ਜਿਹੀ ਬਿਮਾਰੀ ਕਾਰਣ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਮਾਣੂੰਕਿਆਂ ਵਾਲੇ ਇਸ ਵਿਸ਼ਾਲ ਹਿਰਦੇ ਵਾਲੇ ਪਰਿਵਾਰ ਦੀਆਂ ਆਮ ਲੋਕਾਂ ਵਿੱਚ ਚਰਚਾਵਾਂ ਦਾ ਕਾਰਣ ਮਾਤਾ ਇੰਦਰਜੀਤ ਕੌਰ ਦੀ ਇਸ ਵੱਡੇ ਸੰਯੁਕਤ ਪਰਿਵਾਰ ਨੂੰ ਯੋਗ ਅਗਵਾਈ ਹੀ ਮੰਨੀ ਜਾਂਦੀ ਹੈ । ਇਹੀ ਕਾਰਣ ਸੀ ਕਨੇਡਾ ਦੀ ਧਰਤੀ ਉੱਪਰ ਪੁੱਜੇ ਅੰਤਰਰਾਸ਼ਟਰੀ ਵਿਦਿਆਰਥੀਆਂ ਖਾਸ ਕਰ ਲੜਕੀਆਂ ਨੂੰ ਜਿਹਨਾਂ ਦਾ ਕੋਈ ਵੀ ਰਿਸਤੇਦਾਰ ਜਾਂ ਹੋਰ ਸਹਾਰਾ ਕਨੇਡਾ ਵਿੱਚ ਨਹੀਂ ਸੀ ,ਉਹਨਾਂ ਨੂੰ ਆਪਣੇ ਘਰ ਅੰਦਰ ਕਰੋਨਾ ਵਰਗੀ ਮਹਾਂਮਾਰੀ ਦੇ ਸਮਿਆਂ ਦੌਰਾਨ ਸਿੱਧਾ ਏਅਰਪੋਰਟੋਂ ਚੁੱਕ ਕੇ ਸ਼ਰਣ ਦੇਣ ਸਬੰਧੀ ਇਸ ਪਰਿਵਾਰ ਦੀਆਂ ਗੱਲਾਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਹੁੰਦੀਆਂ ਹਨ। ਅਦਾਰਾ ਪੰਜਾਬੀ ਅਖ਼ਬਾਰ ਇਸ ਦੁਖਦਾਈ ਘੜੀ ਮੌਕੇ ਸਮੂਹ ਗਿੱਲ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

# ਸ: ਜਗਮੀਤ ਸਿੰਘ ਦੁਬਾਰਾ ਐਨ ਡੀ ਪੀ ਦੇ ਲੀਡਰ ਚੁਣੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਰਾਜਨੀਤੀ ਵਿੱਚ ਸਿੱਖ ਚਿਹਰੇ ਵੱਜੋਂ ਮਸ਼ਹੂਰ ਸਰਦਾਰ ਜਗਮੀਤ ਸਿੰਘ ਦੂਜੀ ਵਾਰ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਫੈਡਰਲ ਲੀਡਰ ਚੁਣੇ ਗਏ ਹਨ। ਬੀਤ ਦਿਨੀ ਹੋਈ ਪਾਰਟੀ ਕਨਵੈਨਸ਼ਨ ਵਿਚ ਬਿਨਾਂ ਕਿਸੇ ਰਾਜਨੀਤਿਕ ਖਿੱਚੋਧੂਈ ਹੋਏ ਬਿਨਾ 2049 ਪਾਰਟੀ ਮੈਂਬਰਾਂ ਵਿੱਚੋਂ ਸਰਦਾਰ ਜਗਮੀਤ ਸਿੰਘ 87 ਪ੍ਰਤੀਸ਼ਤ ਤੋਂ ਵੱਧ ਵੋਟਾਂ ਦੀ ਸਹਿਮਤੀ ਦਰਸਾਉਂਦਿਆਂ ਅਗਲੀ ਟਰਮ ਲਈ ਲੀਡਰ ਮੰਨ ਲਿਆ ਗਿਆ । ਇਸ ਤੋਂ ਪਹਿਲਾਂ ਜਦੋਂ ਜਗਮੀਤ ਸਿੰਘ ਸਾਲ 2018 ਵਿੱਚ ਲੀਡਰ ਬਣੇ ਸਨ ਤਾਂ ਉਸ ਸਮੇਂ ਉਨ੍ਹਾਂ ਨੂੰ 90 ਪ੍ਰਤੀਸ਼ਤ ਦੇ ਕਰੀਬ ਵੋਟਾਂ ਮਿਲੀਆਂ ਸਨ । ਪਾਰਟੀ ਵੱਲੋਂ ਇਸ ਚੋਣ ਪ੍ਰਕਿਰਿਆ ਰਾਹੀਂ ਜਗਮੀਤ ਸਿੰਘ ਨੂੰ ਦੁਬਾਰਾ ਲੀਡਰ ਮੰਨ ਲਏ ਜਾਣ ਦਾ ਕਾਰਨ ਪਾਰਟੀ ਸੂਤਰਾਂ ਮੁਤਾਬਕ ਇਹ ਵੀ ਹੈ ਕਿ ਕੋਰੋਨਾ ਕਾਰਨ ਹਾਲਾਤ ਅਜਿਹੇ ਬਣੇ ਹੋਏ ਹਨ ਕਿ ਵੱਡੇ ਵੱਡੇ ਇਕੱਠ ਕਰਨਾ, ਪਾਰਟੀ ਲੀਡਰਸ਼ਿਪ ਲਈ ਮੈਂਬਰਾਂ ਨਾਲ ਸੰਪਰਕ ਕਰਨਾ ਆਪਣੇ ਲਈ ਅਤੇ ਦੂਸਰਿਆਂ ਲਈ ਖਤਰੇ ਤੋਂ ਖਾਲੀ ਨਹੀਂ ਹੈ । ਆਪਣੀ ਚੋਣ ਪ੍ਰਤੀ ਭਾਵੁਕਤਾ ਵਾਲੇ ਲਹਿਜੇ ਵਿੱਚ ਸਿੰਘ ਨੇ ਕਿਹਾ ਕਿ ਸੋਚ ਕੇ ਦੇਖੋ ਜੇਕਰ ਅਸੀਂ ਸਰਕਾਰ ਬਣਾ ਲੈਂਦੇ ਹਾਂ ਤਾਂ ਫਿਰ ਅਸੀਂ ਕੀ ਕਰ ਸਕਾਂਗੇ। ਪੰਜਾਬੀ ਹਲਕਿਆਂ ਅੰਦਰ ਵੀ ਸਰਦਾਰ ਜਗਮੀਤ ਸਿੰਘ ਨੂੰ ਦੁਬਾਰਾ ਚੁਣੇ ਜਾਣ ਉਪਰੰਤ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਕਨਵੈਨਸਨ ਨੂੰ ਸੰਬੋਧਨ ਕਰਦਿਆਂ ਪਾਰਟੀ ਲੀਡਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਦੇਸ਼ ਵਿੱਚ ਫੈਲੀ ਮਹਾਮਾਰੀ ਦੀ ਕੀਮਤ ਸਧਾਰਨ ਲੋਕਾਂ, ਕਾਮਿਆਂ, ਛੋਟੇ ਵਪਾਰੀਆਂ ਤੋਂ ਨਹੀਂ ਵਸੂਲ ਕੀਤੀ ਜਾਣੀ ਚਾਹੀਦੀ। ਉਹਨਾਂ ਕਿਹਾ ਕਿ ਇਸ ਦੀ ਕੀਮਤ ਔਰਤਾਂ, ਬੱਚੇ ਅਤੇ ਬਜ਼ੁਰਗ ਪਹਿਲਾਂ ਹੀ 'ਤਾਰ ਰਹੇ ਹਨ। ਐਨਡੀਪੀ ਨੇ ਵੀ ਲਿਬਰਲ ਪਾਰਟੀ ਵਾਂਗ ਮਿਨਿਮਮ ਬੇਸਿਕ ਇਨਕਮ ਦੇਣ ਦੀ ਗੱਲ ਕਹੀ ਹੈ। ਸਿੰਘ ਨੇ ਕਿਹਾ ਕਿ ਲਿਬਰਲ, ਐਨਡੀਪੀ ਦਾ ਪ੍ਰੋਗਰਾਮ ਚੁੱਕ ਕੇ ਸੱਤਾ 'ਤੇ ਕਾਬਿਜ਼ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। 87% ਪਾਰਟੀ ਮੈਂਬਰਾਂ ਨੇ ਜਗਮੀਤ ਸਿੰਘ ਦੀ ਲੀਡਰਸ਼ਿਪ 'ਤੇ ਭਰੋਸਾ ਪ੍ਰਗਟ ਕੀਤਾ ਹੈ।










# ਹੁਣ ਯੂਨੀਵਰਸਿਟੀ ਆਫ ਕੈਲਗਰੀ ਵਿਖੇ ਹੋਵੇਗੀ ਸਿੱਖ ਧਰਮ ਦੀ ਗੱਲ

## ਸਵਾ ਲੱਖ ਡਾਲਰ ਇਕੱਠਾ ਕਰਨਾ ਹੈ, ਸਿੱਖ ਧਰਮ ਦੇ ਪ੍ਰਚਾਰ ਪਾਸਾਰ ਲਈ ਸਿੱਖ ਸੰਗਤਾਂ ਨੂੰ ਦਾਨ ਦੇਣ ਦੀ ਅਪੀਲ








ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੇ ਗੁਰੂਘਰ ਦਸਮੇਸ ਕਲਚਰਲ ਸੈਂਟਰ ਕੈਲਗਰੀ ਅਤੇ ਬਾਕੀ ਗੁਰੂਘਰਾਂ ਦੇ ਸਹਿਯੋਗ ਨਾਲ ਫੰਡ ਇਕੱਤਰ ਕਰਕੇ ਕੈਲਗਰੀ ਦੀ ਯੁਨੀਵਰਿਸਟੀ ਵਿਖੇ ਇੱਕ ਸਿੱਖ ਚੇਅਰ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਗੁਰੂਘਰ ਵਿਖੇ ਮੀਡੀਆ ਨਾਲ ਗੱਲਬਾਤ ਦੌਰਾਨ ਭਾਈ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਗੁਰੁਘਰ ਵੱਲੋਂ 10 ਹਜਾਰ ਡਾਲਰ ਦੀ ਸੇਵਾ ਇਸ ਕਾਰਜ ਲਈ ਨਿਭਾਈ ਗਈ ਹੈ ਜਦੋਂ ਕਿ ਸਿੱਖ ਸੰਗਤਾਂ ਦੇ ਸਹਿਯੋਗ ਅਤੇ ਦੂਸਰੇ ਗੁਰੂਘਰਾਂ ਸਿੱਖ ਸੁਸਾਇਟੀ ਆਫ ਕੈਲਗਰੀ, ਗੁਰੂ ਰਾਮਦਾਸ ਦਰਬਾਰ, ਸ੍ਰੀ ਗੁਰੂ ਗਰੰਥ ਸਾਹਿਬ ਦਰਬਾਰ ਕੈਲਗਰੀ ਦੇ ਸਹਿਯੋਗ ਨਾਲ ਲੱਗਪੱਗ 50 ਹਜਾਰ ਡਾਲਰ ਇਸ ਕਾਰਜ ਲਈ ਇਕੱਤਰ ਕੀਤੇ ਗਏ ਹਨ। ਇਸ ਮੌਕੇ ਡਾ: ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਪਰੋਗਰਾਮ ਦੀ ਸੁਰੂਆਤ ਨਾਲ ਦੂਸਰੇ ਧਰਮਾਂ ਦੇ ਲੋਕਾਂ ਅਸੀਂ ਸਿੱਖੀ ਬਾਰੇ, ਆਪਣੇ ਸੱਭਿਆਚਾਰ ਬਾਰੇ ਦੱਸ ਸਕਾਂਗੇ। ਸਾਡੇ ਬੱਚਿਆਂ ਨੂੰ ਸਿੱਖ ਫਲਸਫੇ ਬਾਰੇ ਜਾਣਕਾਰੀ ਮਿਲੇਗੀ।


ਤਕਰੀਬਨ ਢਾਈ ਲੱਖ ਡਾਲਰ ਯੁਨੀਵਰਿਸਟੀ ਆਫ ਕੈਲਗਰੀ ਵੱਲੋਂ ਅਤੇ 1 ਲੱਖ 25 ਸਿੱਖ ਸੰਗਤਾਂ ਵੱਲੋਂ ਇਸ ਵਿੱਚ ਯੋਗਦਾਨ ਪਾਇਆ ਜਾਣਾ ਹੈ । ਇਹ ਸਵਾ ਲੱਖ ਡਾਲਰ ਦੀ ਮੈਚਿੰਗ ਗਰਾਂਟ ਹੈ । ਸੰਗਤਾਂ ਨੂੰ ਬੇਨਤੀ ਹੈ ਕਿ ਇਸ ਪਰਜੈਕਟ ਨੂੰ ਸਿਰੇ ਚਾੜਨ ਲਈ ਸੰਗਤਾਂ ਅੱਗੇ ਆਉਣ ਤਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਸਿੱਖ ਸੱਭਿਆਚਾਰ ਅਤੇ ਵਿਰਸੇ ਨਾਲ ਜੋੜਕੇ ਰੱਖ ਸਕੀਏ।






# ਅਸੀਂ ਸੱਤ ਦਹਾਕਿਆਂ ਬਾਦ ਵੀ ਜਾਤ-ਪਾਤ ਦੇ ਕੋਹੜ ਨੂੰ ਜੜ੍ਹੋਂ ਨਹੀਂ ਪੁੱਟ ਸਕੇ

## ਕੈਲਗਰੀ ਦੀਆਂ ਲਿਖਾਰਨ ਔਰਤਾਂ ਨੇ ਇਹੋ ਜਿਹੀਆਂ ਵਿਚਾਰਾਂ ਕੀਤੀਆਂ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਪ੍ਰੈਲ ਮਹੀਨੇ ਦੀ ਜ਼ੂਮ ਮੀਟਿੰਗ ਵਿਸਾਖੀ-ਦਿਵਸ ਨੂੰ ਸਮਰਪਤ ਰਹੀ। ਸਰੀ ਤੋਂ ਸਤਿਕਾਰਯੋਗ ਡਾਕਟਰ ਗੁਰਮਿੰਦਰ ਸਿੱਧੂ ਸਮੇਤ ਸਭਾ ਦੀਆਂ ਤੀਹ ਕੁ ਮੈਂਬਰਾਂ ਨੇ ਸਤਾਰਾਂ ਅਪ੍ਰੈਲ ਦਿਨ ਸ਼ਨੀਵਾਰ ਦੀ ਜ਼ੂਮ ਮੀਟਿੰਗ ਵਿੱਚ ਭਾਗ ਲਿਆ। ਸਭਾ ਦੇ ਸਕੱਤਰ ਗੁਰਦੀਸ਼ ਗਰੇਵਾਲ ਨੇ ਸਭ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ।ਪ੍ਰਧਾਨ ਬਲਵਿੰਦਰ ਬਰਾੜ ਨੇ ਡਾ: ਗੁਰਮਿੰਦਰ ਸਿੱਧੂ ਨਾਲ ਆਪਣੀ ਪੁਰਾਣੀ ਸਾਂਝ ਨਵਿਆਈ ਅਤੇ ਮੀਟਿੰਗ ਵਿੱਚ ਸ਼ਾਮਲ ਹੋਣ ਤੇ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ। ਉਹਨਾਂ ਕਿਹਾ ਕਿ ਵਿਸਾਖੀ ਇਸ ਵਾਰ ਭਾਈਚਾਰੇ ਦੇ ਏਕੇ ਦਾ ਪ੍ਰਤੀਕ ਬਣ ਕੇ ਆਈ ਹੈ ਕਿਉਂਕਿ ਇਸ ਵਿਸਾਖੀ ਵਾਲੇ ਦਿਨ ਰਮਾਦਾਨ ਅਤੇ ਨਵਰਾਤਰੇ ਦੇ ਸ਼ੁਭ ਦਿਹਾੜੇ ਵੀ ਸ਼ੁਰੂ ਹੋਏ ਹਨ।ਉਹਨਾਂ ਨੇ ਸਿੱਖ ਇਤਿਹਾਸ ਵਿੱਚ ਕਈ ਆਮ ਔਰਤਾਂ ਦੇ ਖਾਸ ਯੋਗਦਾਨ ਨੂੰ ਲਿਖਤੀ ਰੂਪ ਦੇਣ ਤੋਂ ਅਣਗੌਲਿਆ ਕੀਤੇ ਜਾਣ ਬਾਰੇ ਵੀ ਗੱਲ ਕੀਤੀ। ਕਰੋਨਾ ਬਿਮਾਰੀ ਕਾਰਨ ਹੋ ਰਹੀਆਂ ਮੌਤਾਂ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਉਹਨਾਂ ਸਭ ਨੂੰ ਕਰੋਨਾ ਦਾ ਵੈਕਸਿਨ ਲਗਵਾਉਣ ਦੀ ਅਪੀਲ ਕੀਤੀ ।ਗੁਰਮਿੰਦਰ ਸਿੱਧੂ ਨੇ ਮੀਟਿੰਗ ਵਿੱਚ ਹਾਜ਼ਰ ਹੋ ਦਿਲੀ ਖੁਸ਼ੀ ਪ੍ਰਗਟਾਈ। ਸਭਾ ਦੀਆਂ ਮੈਂਬਰਾਂ ਵਲੋਂ ਵਿਸਾਖੀ ਦੇ ਦਿਹਾੜੇ, ਵਿਸਾਖੀ ਦੇ ਮੇਲੇ, ਪੀਘਾਂ, ਪਾਣੀ ਦੀ ਸਾਂਭ-ਸੰਭਾਲ, ਕੁੜੀਆਂ-ਚਿੜੀਆਂ, ਔਰਤ ਦੇ ਮਾਂ-ਰੂਪ ਦੇ ਨਿਰਸਵਾਰਥ ਪਿਆਰ, ਔਰਤਾਂ ਤੇ ਕਿਸਾਨਾਂ ਦੇ ਸੰਘਰਸ਼ਮਈ ਜੀਵਨ ਤੇ ਕਿਸਾਨੀ ਅੰਦੋਲਨ ਵਰਗੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਪੇਸ਼ ਕੀਤੇ ਗਏ ਗੀਤਾਂ, ਕਵਿਤਾਵਾਂ, ਬੋਲੀਆਂ, ਗਾਥਾਵਾਂ ਤੇ ਵਿਚਾਰਾਂ ਨੇ ਬਹੁਤ ਰੰਗ ਬੰਨ੍ਹਿਆ ।ਗੁਰਚਰਨ ਥਿੰਦ ਨੇ ਅਪ੍ਰੈਲ ਮਹੀਨੇ ਵਿੱਚ ਜਨਮੇ ਡਾ: ਬੀ. ਆਰ. ਅੰਬੇਦਕਰ ਦੇ ਜਨਮ ਦਿਨ ਤੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਕਿਹਾ ਕਿ ਉਹ ਇਕੱਲਾ ਦਲਿਤ ਬੱਚਾ ਸੀ ਜੋ ਸਕੂਲ ਵਿੱਚ ਪੜ੍ਹਦਾ ਸੀ, ਉਸਨੂੰ ਬਾਕੀ ਵਿਦਿਆਰਥੀਆਂ ਨਾਲੋਂ ਵੱਖ ਬੈਠਣਾ ਪੈਂਦਾ ਸੀ ਅਤੇ ਘੜੇ ਵਿਚੋਂ ਪਾਣੀ ਵੀ ਉਸ ਨੂੰ ਸਕੂਲ ਦਾ ਚਪੜਾਸੀ ਪਿਆਉਂਦਾ ਸੀ। 'ਜੇ ਪੀਅਨ ਨਹੀਂ ਤਾਂ ਪਾਣੀ ਨਹੀਂ' ਉਸ ਨੂੰ ਉਹ ਸਾਰਾ ਦਿਨ ਪਿਆਸਾ ਹੀ ਰਹਿਣਾ ਪੈਂਦਾ ਸੀ। ਉਹੋ ਦਲਿਤ ਬੱਚਾ ਭਾਰਤ ਦੇ ਉਸ ਸੰਵਿਧਾਨ ਦਾ ਰਚੇਤਾ ਬਣਿਆ ਜਿਸ ਵਿੱਚ ਹਰ ਭਾਰਤੀ ਲਈ ਬਰਾਬਰ ਦੇ ਹੱਕ, ਫ਼ਰਜ਼ ਤੇ ਮੌਕੇ ਦਰਜ ਹਨ। ਪ੍ਰੰਤੂ ਅਫਸੋਸ ਹੈ ਕਿ ਭਾਰਤ ਦਾ ਰਾਜਸੀ-ਢਾਂਚਾ, ਭਾਰਤੀ ਗਣਤੰਤਰ ਦੇ ਸੱਤ ਦਹਾਕਿਆਂ ਬਾਦ ਵੀ ਜਾਤ-ਪਾਤ, ਊਚ-ਨੀਚ ਤੇ ਛੂਆ-ਛਾਤ ਦੇ ਕੋਹੜ ਨੂੰ ਜੜ੍ਹੋਂ ਨਹੀਂ ਪੁੱਟ ਸਕਿਆ, ਜਿਸ ਲਈ ਡਾ: ਅੰਬੇਦਕਰ ਨੇ ਅਪਣੇ ਜੀਵਨ-ਕਾਲ ਵਿੱਚ ਪੁਰਜ਼ੋਰ ਯਤਨ ਕੀਤੇ ਸਨ। ਅੰਤ ਵਿੱਚ ਬਲਵਿੰਦਰ ਬਰਾੜ ਜੀ ਨੇ ਸਾਰੇ ਹਾਜ਼ਰ ਮੈਂਬਰਾਂ ਅਤੇ ਖਾਸ ਤੌਰ ਤੇ ਮੁੱਖ ਮਹਿਮਾਨ ਗੁਰਮਿੰਦਰ ਸਿੱਧੂ ਜੀ ਦਾ ਸ਼ਮੂਲੀਅਤ ਲਈ ਧੰਨਵਾਦ ਕੀਤਾ ਅਤੇ ਮੀਟਿੰਗ ਦੀ ਸਮਾਪਤੀ ਕੀਤੀ।

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜ਼ਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005



ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
We Provide Laser Hair Removal Treatments
• Eyelash Extensions • Eye brow/Eyelash Tinting • Eyelash Lift up • Waxing • Facials • Threading
• Makeup • Hair styling • Manicure/Pedicure • Microdermabrasion • Artificial Nails
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7




Desjardins Financial Security Independent Network
Think. Act. Prosper.
THERE'S MORE THAN JUST INVESTMENTS AND INSURANCE.
There are your plans. Your dreams. Your life.
We can help you channel every aspect of your financial life into a comprehensive wealth management strategy. As an independent advisor with over 16 years of industry experience, I offer you tailored and impartial financial services:
FINANCIAL PROTECTION
Life insurance | Mortgage Insurance
Disability & Critical illness Insurance
Super Visa Insurance
SAVING AND INVESTING
RRSP | RESP | Mutual Funds
OPTIMIZING YOUR TAXES
Tax planning | Tax-efficient strategies
PLANNING YOUR RETIREMENT
Risk management | Accumulation and payout strategies | Estate planning
CONTACT ME TO PUSH THE LIMITS OF YOUR POTENTIAL.
NAVDEEP (NEENA) BHULLAR
Life and Health Insurance Advisor
Investment Fund Advisor*
4838 Richard Road S.W., Suite 610, Calgary, AB T3E 6L1
Tel: 403-265-9770 | Cell: 403-831-1033 | Fax: 403-265-0248
neena.bhullar@dfsin.ca
Desjardins™ Financial Security* Investments Inc.
dfsin.ca
™ The Desjardins brand is a trademark of the Fédération des caisses Desjardins du Québec and used under license.
* Mutual funds distributed through Desjardins Financial Security Investments Inc.

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Call for Delivery
Please advise us of any food allergies
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"



Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166



Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
•ਮਾਪਿਆਂ ਲਈ ਸੁਪਰ ਵੀਜ਼ਾ •ਪਰਿਵਾਰਕ ਸਪਾਂਸਰਸ਼ਿਪ
•ਐਲ ਐਮ ਓ ਐਪਲੀਕੇਸ਼ਨ •ਵਰਕ ਪਰਮਿਟ
•ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



New to Canada / First Time Home Buyers
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
TD
Specializing in:
• Home Buyers
• Refinancing
• New to Canada
• Construction Draws
Kulwant S. Manhas
Manager, Mobile Mortgage Specialist
C: (587)-899-2093
E: Kulwant.Manhas@td.com



For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

# ਐਡਮੰਟਨ ਦੀ ਚਰਚ ਵਾਲੇ ਕੋਵਿਡ ਕਾਰਣ ਲੱਗੀਆਂ ਪਾਬੰਦੀਆਂ ਦਾ ਵਿਰੋਧ ਕਰਨ ਕਰਕੇ ਚਰਚਾ ਵਿਚ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਦਾ ਬੀਤੇ ਕਈ ਹਫ਼ਤਿਆਂ ਤੋਂ ਖੁੱਲ੍ਹਮ-ਖੁੱਲ੍ਹਾ ਉਲੰਘਣ ਕਰਦੀ ਆ ਰਹੀ ਇੱਕ ਚਰਚ ਦੁਅਲੇ ਲੱਗੀ ਵਾੜ ਨੂੰ ਹਟਾਉਣ ਲਈ 11 ਅਪਰੈਲ ਵਾਲੇ ਦਿਨ ਸੈਂਕੜੇ ਲੋਕ ਇਕੱਠੇ ਹੋ ਗਏ ਦੱਸੇ ਜਾਂਦੇ ਹਨ। ਐਡਮੰਟਨ ਦੇ ਪੱਛਮ ਵਾਲੇ ਪਾਸੇ ਸਥਿਤ ਪਾਰਕਲੈਂਡ ਕਾਊਂਟੀ ਦੀ ਗ੍ਰੇਸ-ਲਾਇਫ਼ ਚਰਚ ਨੂੰ ਜਾਣ ਵਾਲ; ਰਾਹ ਬੰਦ ਕਰ ਦਿੱਤੇ ਗਏ ਸਨ ਤੇ ਉਸ ਦੁਆਲੇ ਚੇਨ-ਲਿੰਕ ਵਾਲੀ ਲੋਹੇ ਦੀ ਵਾੜ ਲਗਾ ਦਿੱਤੀ ਗਈ ਸੀ।



ਐਤਵਾਰ ਨੂੰ ਸਵੇਰੇ ਲੋਕ ਇਸ ਵਾੜ ਦੁਆਲ਼ੇ ਇਕੱਠੇ ਹੋਣੇ ਸ਼ੁਰੂ ਗਏ ਸਨ। ਭਾਰੀ ਪੁਲਿਸ ਬੰਦੋਬਸਤ ਕੀਤਾ ਗਿਆ ਸੀ। ਇੱਕ ਹੈਲੀਕੌਪਟਰ ਵੀ ਉਡਾਨ ਭਰਦਾ ਰਿਹਾ। ਦੁਪਹਿਰ ਨੇੜੇ ਉਸ ਵੇਲੇ ਸਥਿੱਤੀ ਤਨਾਅ ਪੂਰਨ ਹੋ ਗਈ ਜਦੋਂ ਇੱਕ ਗਰੁਪ ਨੇ ਫੈਂਸ ਜ਼ਮੀਨ 'ਤੇ ਸੁੱਟ ਦਿੱਤੀ ਤੇ ਪੁਲਿਸ ਨੇ ਉਹਨਾਂ ਨੂੰ ਪਿਛੇ ਧੱਕ ਕੇ ਵਾੜ ਮੁੜ ਖੜ੍ਹੀ ਕਰ ਦਿੱਤੀ। ਇਸ ਦੌਰਾਨ ਚਰਚ ਦੇ ਅੰਦਰੋਂ ਸਪੀਕਰ 'ਤੇ ਧਾਰਮਿਕ ਭਜਨ ਚੱਲਦੇ ਰਹੇ। ਵਿਰੋਧ ਕਰਨ ਲਈ ਆਏ ਲੋਕਾਂ ਦੇ ਹੱਥਾਂ ਵਿੱਚ ਕੋਵਿਡ-19 ਦੀ ਦਵਾਈ ਤੇ ਪਾਬੰਦੀਆਂ ਦੇ ਵਿਰੋਧ ਵਿੱਚ ਸਲੋਗਨ ਲਿਖੇ ਹੋਏ ਸਨ। ਬਾਦ ਦੁਪਹਿਰ 2 ਵਜੇ ਤੱਕ ਇਹ ਲੋਕ ਉਥੇ ਮੌਜੂਦ ਰਹੇ ਤੇ ਮਗਰੋਂ ਚਲੇ ਗਏ ਦੱਸੇ ਜਾਂਦੇ ਹਨ।

# ਐਡਮੰਟਨ ਵਿੱਚ ਸਿਹਤ ਵਿਭਾਗ ਦੀਆਂ ਗੱਡੀਆਂ ਉੱਪਰ ਸ਼ਰਾਰਤੀ ਅਨਸਰਾਂ ਵੱਲੋਂ ਅੰਡੇ ਸੁੱਟਣ ਦੀਆਂ ਘਟਨਾਵਾਂ ਵਾਪਰੀਆਂ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਵਿੱਚ 124 ਸਟ੍ਰੀਟ ਅਤੇ 102 ਐਵੇਨਿਊ 'ਤੇ ਸਥਿਤ ਐਲਬਰਟਾ ਹੈਲਥ ਸਰਵਿਸਿਜ਼ - ਏ.ਐਚ.ਐਸ. ਦੀ ਬਿਲਡਿੰਗ ਦੇ ਦਰਵਾਜ਼ੇ ਤੇ ਸ਼ਰਾਰਤੀ ਅਨਸਰਾਂ ਨੇ ਲਾਲ ਰੰਗ ਨਾਲ 'ਏ ਐਚ ਐਸ ਨਾਜ਼ੀਜ਼' ਪੇਂਟ ਕਰ ਦਿੱਤਾ ਤੇ ਨੌਰਥ ਵੈਸਟ ਦੀ ਕਮਿਉਨਿਟੀ ਲਾ ਕ੍ਰੀਟ ਵਿੱਚ ਬੀਤੇ ਦਿਨੀ ਏ.ਐਚ.ਐਸ. ਦੀਆਂ 4 ਗੱਡੀਆਂ ਉੱਪਰ ਅੰਡੇ ਸੁੱਟੇ ਗਏ ਦੱਸੇ ਜਾਂਦੇ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਿਹਤ ਕਰਮਚਾਰੀ ਅਤੇ ਅਧਿਕਾਰੀ ਲੋਕਾਂ ਦੀ ਹਿਫਾਜ਼ਿਤ ਵਾਸਤੇ ਦਿਨ ਰਾਤ ਲੱਗੇ ਹੋਏ ਹਨ ਤੇ ਅਜਿਹੀਆਂ ਘਟਨਾਵਾਂ ਉਹਨਾਂ ਦਾ ਉਤਸਾਹ ਤੋੜਦੀਆਂ ਹਨ। ਯੂ.ਸੀ.ਪੀ. ਦੇ ਐਮ.ਐਲ.ਏ. ਡੈਨ ਵਿਲੀਅਮਜ਼ ਦਾ ਕਹਿਣਾ ਹੈ ਕਿ ਇਹ ਮੰਦਭਾਗੀ ਘਟਨਾ ਹੋਈ ਤੇ ਅਜਿਹੀਆਂ ਘਟਨਾਵਾਂ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ ਤੇ ਲੋਕਾਂ ਨੂੰ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ।

# ਜੇ ਸਾਰਿਆਂ ਨੂੰ ਕੋਵਿਡ ਵੈਕਸੀਨ ਲੱਗ ਜਾਵੇ ਤਾਂ ਦੇਸ ਅੰਦਰ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ -ਟਰੂਡੋ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਪਾਰਟੀ ਦੀ ਸਾਲਾਨਾ ਕਨਵੈਂਸ਼ਨ ਦੌਰਾਨ ਪ੍ਰਾਇਮ ਮਨਿਸਟਰ ਅਤੇ ਫੈਡਰਲ ਲਿਬਰਲ ਲੀਡਰ ਜਸਟਿਨ ਟਰੂਡੋ ਨੇ ਕਾਫੀ ਚਿਰ ਬਾਦ ਵਿਰੋਧੀ ਧਿਰ ਫੈਡਰਲ ਕੰਜ਼ਰਵੇਟਿਵ ਪਾਰਟੀ 'ਤੇ ਤਿੱਖਾ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਟੋਰੀ ਇਸ ਸਮੇਂ ਲੋਕਾਂ ਨਾਲੋਂ ਟੁੱਟ ਚੁੱਕੇ ਹਨ। ਟਰੂਡੋ ਨੇ ਪਾਰਟੀ ਮੈਂਬਰਾਂ ਨੂੰ ਕਿਹਾ ਕਿ ਉਹ ਦੂਣੇ ਜ਼ੋਸ਼ ਨਾਲ ਜੁਟ ਜਾਣ 'ਤੇ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਜੇ ਮੌਜੂਦਾ ਹਾਲਾਤ ਵਿੱਚ ਟੋਰੀ ਸਰਕਾਰ ਹੁੰਦੀ ਤਾਂ ਉਹਨਾਂ ਨੇ ਹੁਣ ਦਿੱਤੀ ਗਈ ਸਹਾਇਤਾ ਦਾ ਅੱਧ ਵੀ ਨਹੀਂ ਦੇਣਾ ਸੀ ਤੇ ਹੁਣ ਤੱਕ ਇਹ ਪ੍ਰੋਗਰਾਮ ਬੰਦ ਵੀ ਹੋ ਜਾਣੇ ਸਨ। ਜਸਟਿਨ ਟਰੂਡੋ ਨੇ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਦੇਸ਼ਵਾਸੀਆਂ ਨੂੰ ਗ਼ਲਤ ਜਾਣਕਾਰੀ ਦੇ ਰਹੀ ਹੈ। ਉਹਨਾਂ ਬਲੌਕ ਕਿਉਬੈਕਵਾ ਨੂੰ ਵੀ ਨਿਸ਼ਾਨਾ ਬਣਾਇਆ ਤੇ ਕਿਹਾ ਕਿ ਇਹ ਪਾਰਟੀ ਕਦੀ ਵੀ ਆਪਣੇ ਵਾਅਦੇ ਪੂਰੇ ਨਹੀਂ ਕਰਦੀ ਹੈ ਤੇ ਨਾ ਹੀ ਕਰ ਸਕਦੀ ਹੈ। ਆਪਣੇ ਸੰਬੋਧਨ ਵਿੱਚ ਟਰੂਡੋ ਨੇ ਐਨਡੀਪੀ ਅਤੇ ਗ੍ਰੀਨ ਪਾਰਟੀ ਦਾ ਨਾਮ ਵੀ ਨਹੀਂ ਲਿਆ। ਪ੍ਰਾਇਮ ਮਨਿਸਟਰ ਨੇ ਸੰਕੇਤ ਦਿੱਤਾ ਹੈ ਕਿ ਅਗਲੀਆਂ ਫੈਡਰਲ ਚੋਣਾਂ, ਕੋਵਿਡ-19 ਵੈਕਸਿਨ ਸਾਰੇ ਦੇਸ਼ ਵਾਸੀਆਂ ਨੂੰ ਦੇ ਦਿੱਤੇ ਜਾਣ 'ਤੇ ਕਰਵਾਈਆਂ ਜਾ ਸਕਦੀਆਂ ਹਨ।




Halyna Miller, LL.B.
Ten Years of Experience as a Canadian Immigration Lawyer

MILLER IMMIGRATION LAW FIRM
We Speak Your Language: English and Punjabi

Assisting You With All Types of Applications for Temporary and Permanent Residence in Canada, and Canadian Citizenship

TEMPORARY RESIDENCE:
- Visitor Visas, including Super Visas and Business Visitor Visas
- Study Permits
- Work Permits, including:
  - Work permits based on Labour Market Impact Assessments (LMIAs)
  - Work permits under the Global Talent Stream
  - NAFTA and GATS work permits
  - Open work permits

PERMANENT RESIDENCE:
- Express Entry streams
- Provincial Nominee Programs
- Childcare Provider and Home Support Worker Pilot Programs
- Applications made under Humanitarian and Compassionate Considerations
- Family Class Applications to sponsor parents, grandparents, spouses and children
- Entrepreneurial and Investor Applications:
  - Self-Employed Persons program
  - Start-Up Visa Program
  - Provincial Nominee Programs

MILLER IMMIGRATION LAW FIRM
CANADIAN IMMIGRATION LAW

Offices in Calgary and Edmonton:

Calgary Office:
First Alberta Place
730-777 8 Avenue SW
Calgary, Alberta T2P 3R5

Edmonton Office:
First Edmonton Place
1400 - 10665 Jasper Avenue
Edmonton, Alberta
T5J 3S9

Contact us:

General Email: info@millerlawfirm.ca
Direct Email: hmiller@millerlawfirm.ca
General Phone Line: 587 - 392 - 5199
Direct Phone Line: 587 - 392 - 5200

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਿਹਾਸਕ ਫੈਸਲਾ ਲਿਆ ਹੈ । ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St Regina SK S4R 2K4
Regulated Canadian Immigration Consultant, CEO Member of ICCRC

PEEL FINANCIAL
LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਕੈਲਗਰੀ ਦੇ ਪ੍ਰੌਪਰਟੀ ਟੈਕਸ ਉੱਪਰ ਛੋਟ ਪਿਛਲੇ ਸਾਲ ਵਾਂਗ ਹੀ ਜਾਰੀ ਰਹੇਗੀ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪ੍ਰੌਪਰਟੀ ਮਾਲਕਾਂ ਨੂੰ ਸਿਟੀ ਵੱਲੋਂ ਇਸ ਸਾਲ ਫਿਰ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਹੈ। ਪ੍ਰੌਪਰਟੀ ਟੈਕਸਾਂ ਦੀ ਅਦਾਇਗੀ 30 ਜੂਨ 2021 ਤੱਕ ਕੀਤੀ ਜਾਣੀ ਹੈ ਤੇ ਪਹਿਲੀ ਜੁਲਾਈ ਤੋਂ ਅਦਾ ਨਾ ਕੀਤੇ ਕੀਤੇ ਗਏ ਪ੍ਰੌਪਰਟੀ ਟੈਕਸ ਉੱਪਰ 7% ਦੀ ਦਰ ਨਾਲ ਜੁਰਮਾਨਾ ਲਗਾਇਆ ਜਾਂਦਾ ਹੈ ਅਤੇ ਹਰ ਮਹੀਨੇ ਇਸ ਵਿੱਚ 1-1% ਦਾ ਵਾਧਾ ਹੁੰਦਾ ਜਾਂਦਾ ਹੈ। ਇਸ ਸਾਲ ਸਿਟੀ ਨੇ ਇਹ ਜੁਰਮਾਨਾ 3.5% ਤੱਕ ਸੀਮਤ ਰੱਖਣ ਦਾ ਫੈਸਲਾ ਕੀਤਾ ਹੈ। ਰੈਜ਼ਿਡੈਂਸ਼ੀਅਲ ਅਤੇ ਨੌਨ ਰੈਜ਼ਿਡੈਂਸ਼ੀਅਲ ਪ੍ਰੌਪਰਟੀ ਮਾਲਕਾਂ ਕੋਲੋਂ ਇਹ ਜੁਰਮਾਨਾ 3.5% ਲਿਆ ਜਾਵੇਗਾ ਅਤੇ ਅਦਾਇਗੀ ਨਾ ਹੋਣ 'ਤੇ ਜੁਰਮਾਨੇ ਵਿੱਚ ਹਰ ਮਹੀਨੇ ਹੋਣ ਵਾਲਾ 1% ਵਾਧਾ ਰੋਕ ਦਿੱਤਾ ਗਿਆ ਹੈ। ਅਪ੍ਰੈਲ 2022 ਤੱਕ ਕੋਈ ਜੁਰਮਾਨਾ ਵਾਧਾ ਨਹੀਂ ਹੋਵੇਗਾ। ਸਿਟੀ ਕੌਂਸਲ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਜੇ ਅਲਬਰਟਾ ਵਿੱਚ ਕੇਸਾਂ ਦੀ ਵਧ ਰਹੀ ਗਿਣਤੀ ਨਾ ਰੁਕੀ ਤਾਂ ਹੋਰ ਸਖਤ ਪਾਬੰਦੀਆਂ ਲਗਾਉਣੀਆਂ ਪੈ ਸਕਦੀਆਂ ਹਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਵਾਇਰਸ ਕਾਰਨ ਬਿਮਾਰ ਲੋਕਾਂ ਦੀ ਹਸਪਤਾਲਾਂ ਵਿੱਚ ਗਿਣਤੀ 400 ਪਾਰ ਕਰ ਗਈ ਹੈ। ਸੂਬੇ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ, ਡਾ. ਡੀਨਾ ਹਿਨਸ਼ੌਅ ਨੇ ਬੀਤੀ 13 ਅਪਰੈਲ ਵਾਲੇ ਦਿਨ ਦੱਸਿਆ ਕਿ ਜੇ ਕੇਸਾਂ ਦੀ ਵਧ ਰਹੀ ਗਿਣਤੀ ਜੇ ਜਲਦ ਨਾ ਰੁਕੀ ਤਾਂ ਹੋਰ ਸਖ਼ਤ ਪਾਬੰਦੀਆਂ ਲਗਾਉਣ ਦੀ ਲੋੜ ਪੈ ਜਾਵੇਗੀ। ਉਹਨਾਂ ਦੱਸਿਆ ਕਿ ਸੂਬੇ ਦੇ ਹਸਪਤਾਲਾਂ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ 402 'ਤੇ ਪਹੁੰਚ ਗਈ ਹੈ ਤੇ 88 ਦਾ ਇਲਾਜ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਕੀਤਾ ਜਾ ਰਿਹਾ ਹੈ। ਡਾ. ਹਿਨਸ਼ੌਅ ਨੇ ਦੱਸਿਆ ਕਿ ਬੀਤੇ 24 ਘੰਟਿਆਂ ਦੌਰਾਨ 1081 ਨਵੇਂ ਐਕਟਿਵ ਕੇਸ ਦਰਜ ਕੀਤੇ ਗਏ ਹਨ ਜਿਹਨਾਂ ਵਿੱਚੋਂ 705 ਮਾਮਲੇ ਨਵੇਂ ਵੇਰੀਐਂਟ ਨਾਲ ਸੰਬੰਧਿਤ ਹਨ। ਨਵੇਂ ਵੇਰੀਐਂਟਸ ਦੀ ਗਿਣਤੀ ਵਧ ਕੇ 52% ਹੋ ਗਈ ਹੈ। ਡਾ. ਹਿਨਸ਼ੌਅ ਦੇ ਅਨੁਸਾਰ ਮੌਜੂਦਾ ਸਮੇਂ ਫਾਇਜ਼ਰ, ਮੌਡਰਨਾ ਅਤੇ ਐਸਟ੍ਰਾ-ਜ਼ੈਨੇਕਾ ਦਵਾਈਆਂ ਲਗਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਦਾ ਅਸਰ ਨਵੇਂ ਵੇਰੀਐਂਟਸ ਉੱਪਰ ਵੀ ਹੋ ਰਿਹਾ ਹੈ। ਐਲਬਰਟਾ ਵਿੱਚ ਹੁਣ ਤੱਕ 9 ਲੱਖ 32 ਹਜ਼ਾਰ 258 ਵਿਅਕਤੀਆਂ ਨੂੰ ਇਹ ਵੈਕਸਿਨ ਲੱਗ ਚੁੱਕੀ ਹੈ ਜਦੋਂ ਕਿ 1 ਲੱਖ 76 ਹਜ਼ਾਰ 941 ਵਿਅਕਤੀਆਂ ਨੂੰ ਦੋਵੇਂ ਡੋਜ਼ਿਜ਼ ਲੱਗ ਚੁੱਕੀਆਂ ਹਨ। ਐਲਬਰਟਾ ਵਿੱਚ ਹੁਣ ਕੁਲ ਐਕਟਿਵ ਕੇਸਾਂ ਦੀ ਗਿਣਤੀ 15087 ਹੋ ਗਈ ਹੈ ਜਿਹਨਾਂ ਵਿੱਚੋਂ ਕੈਲਗਰੀ ਜ਼ੋਨ ਵਿੱਚ 6938 ਅਤੇ ਐਡਮੰਟਨ ਜ਼ੋਨ ਵਿੱਚ 3717 ਕੇਸ ਦਰਜ ਹੋਏ ਹਨ। 3 ਹੋਰ ਵਿਅਕਤੀਆਂ ਦੀ ਮੌਤ ਹੋ ਜਾਣ ਮਗਰੋਂ ਮਰਨ ਵਾਲੇ ਵਿਅਕਤੀਆਂ ਦੀ ਸੰਖਿਆ 2021 'ਤੇ ਪਹੁੰਚ ਗਈ ਹੈ।

# ਜੇ ਅੱਜ ਵੋਟਾਂ ਪੈ ਜਾਣ ਤਾਂ ਅਲਬਰਟਾ ਵਿੱਚ ਐਨ ਡੀ ਪੀ ਦੀ ਸਰਕਾਰ ਬਣ ਸਕਦੀ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਮੀਡੀਆ ਘਰਾਣੇ ਵੱਲੋਂ ਕਰਵਾਈ ਗਈ ਪਬਲਿਕ -ਪੀਨੀਅਨ ਰਿਸਰਚ ਵਿੱਚ ਸਾਹਮਣੇ ਆਇਆ ਹੈ ਕਿ ਜੇ ਐਲਬਰਟਾ ਵਿੱਚ ਅੱਜ ਵਿਧਾਨਸਭਾ ਚੋਣ ਕਰਵਾ ਦਿੱਤੀ ਜਾਵੇ ਤਾਂ ਐਨਡੀਪੀ ਬਹੁਮਤ ਲੈ ਕੇ ਸਰਕਾਰ ਬਣਾ ਸਕਦੀ ਹੈ। ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਪ੍ਰਸਿੱਧੀ ਦਾ ਗ੍ਰਾਫ਼ ਕਾਫੀ ਹੇਠਾਂ ਆ ਗਿਆ ਦੱਸਿਆ ਗਿਆ ਹੈ। ਇਹ ਪੋਲ ਸਰਵੇਖਣ ਮਾਰਚ ਅਤੇ ਅਪ੍ਰੈਲ ਵਿੱਚ ਕਰਵਾਇਆ ਗਿਆ ਹੈ। ਇਸ ਦੀ ਰਿਪੋਰਟ ਦੱਸਦੀ ਹੈ ਕਿ ਸੂਬੇ ਦੇ ਹਰ ਹਿੱਸੇ ਵਿੱਚ ਯੂਸੀਪੀ ਸਰਕਾਰ ਦੀ ਪੌਪੂਲੈਰਿਟੀ ਗਿਰਾਵਟ ਵੱਲ ਹੈ। ਵੱਡੇ, ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਨਾਲ ਨਾਲ ਪੇਂਡੂ ਇਲਾਕਿਆਂ ਵਿੱਚ ਵੀ ਇਸ ਸਰਕਾਰ ਪ੍ਰਤੀ ਲੋਕਾਂ ਦਾ ਪਿਆਰ ਕਾਫੀ ਹੇਠਾਂ ਆਇਆ ਦਰਜ ਕੀਤਾ ਗਿਆ ਹੈ। ਐਲਬਰਟਾ ਸੂਬੇ ਵਿੱਚ ਐਨਡੀਪੀ ਨੂੰ 40 ਅਤੇ ਯੂਸੀਪੀ ਨੂੰ 33% ਲੋਕਾਂ ਦਾ ਸਮਰਥਨ ਮਿਲਦਾ ਦਰਸਾਇਆ ਗਿਆ ਹੈ ਜਦੋਂ ਕਿ ਐਡਮੰਟਨ ਵਿੱਚ ਐਨ ਡੀ ਪੀ ਨੂੰ 50% ਯੂਸੀਪੀ ਨੂੰ 26, ਕੈਲਗਰੀ ਵਿੱਚ ਐਨ ਡੀ ਪੀ ਨੂੰ 41 ਅਤੇ ਯੂ ਸੀ ਪੀ ਨੂੰ 34% ਲੋਕ ਪਸੰਦ ਕਰਦੇ ਦੱਸੇ ਗਏ ਹਨ। 11% ਲੋਕ ਅਜਿਹੇ ਵੀ ਹਨ ਜਿਹਨਾਂ ਨੇ ਅਜੇ ਇਹ ਫੈਸਲਾ ਨਹੀਂ ਕੀਤਾ ਕਿ ਉਹ ਕਿਸ ਪਾਸੇ ਵੋਟ ਕਰਨਗੇ।

# ਅਮਰੀਕਾ ਵਿੱਚ 60 ਲੱਖ ਲੋਕਾਂ ਨੂੰ ਲੱਗੀ ਕਰੋਨਾ ਵੈਕਸੀਨ ਵਿੱਚੋਂ ਸਿਰਫ 6 ਨੂੰ ਉਹ ਫਿੱਟ ਨਹੀਂ ਬੈਠੀ।




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਵਿੱਚ ਕੋਵਿਡ-19 ਦੀ ਦਵਾਈ ਜੌਨਸਨ ਐਂਡ ਜੌਨਸਨ ਲਗਾਏ ਜਾਣ ਮਗਰੋਂ 6 ਮਰੀਜ਼ਾਂ ਵਿੱਚ ਬਲੱਡ ਕਲੌਟਸ ਦੀ ਸਮੱਸਿਆ ਆਉਣ ਮਗਰੋਂ ਅਮੈਰਿਕਾ ਸਰਕਾਰ ਨੇ ਇਸ ਦਵਾਈ ਦੀ ਵਰਤੋਂ ਉੱਪਰ ਅਸਥਾਈ ਰੋਕ ਲਗਾ ਦਿੱਤੀ ਹੈ। ਜੌਨਸਨ ਐਂਡ ਜੌਨਸਨ ਦੀ ਦਵਾਈ ਦੀ ਇੱਕੋ ਡੋਜ਼ ਮਰੀਜ਼ਾਂ ਨੂੰ ਲਗਾਈ ਜਾਣੀ ਹੈ। ਕੈਨੇਡਾ ਨੇ ਜੌਨਸਨ ਐਂਡ ਜੌਨਸਨ ਦੀਆਂ 10 ਮਿਲੀਅਨ ਡੋਜ਼ਿਜ਼ ਦਾ ਆਰਡਰ ਦਿੱਤਾ ਹੋਇਆ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਹ ਅਮੈਰਿਕਾ ਸਰਕਾਰ ਦੇ ਫੈਸਲੇ ਉੱਪਰ ਨੇੜਿ-ਨਜ਼ਰਸਾਨੀ ਕਰ ਰਹੇ ਹਨ। ਯੂ.ਐਸ. ਫੂਡ ਐਂਡ ਡ੍ਰਗ ਐਡਮਿਨਿਸਟ੍ਰੇਸ਼ਨ - ਐਫ਼.ਡੀ.ਏ. ਅਤੇ ਸੈਂਟਰ ਫੌਰ ਡਿਜ਼ੀਜ਼ ਕੰਟਰੋਲ - ਡੀ.ਸੀ.ਸੀ. ਦਾ ਕਹਿਣਾ ਹੈ ਕਿ ਇਸ ਦਵਾਈ ਨੂੰ ਲਗਾਏ ਜਾਣ 'ਤੇ ਰੋਕ ਲਗਾ ਦਿੱਤੀ ਗਈ ਸੀ। ਅਮੈਰਿਕਾ ਵਿੱਚ ਹੁਣ ਤੱਕ 60 ਲੱਖ ਲੋਕਾਂ ਨੂੰ ਇਹ ਦਵਾਈ ਲਗਾਈ ਜਾ ਚੁੱਕੀ ਹੈ ਤੇ 6 ਵਿਅਕਤੀਆਂ ਵਿੱਚ ਇਹ ਸਮੱਸਿਆ ਆਈ ਰਿਪੋਰਟ ਕੀਤੀ ਗਈ ਹੈ।

# ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਫੀਸਾਂ ਦੁੱਗਣੀਆਂ ਤੋਂ ਵੀ ਵੱਧ ਹੋਈਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਐਨਡੀਪੀ ਦਾ ਕਹਿਣਾ ਹੈ ਕਿ ਯੂਨਿਵਰਸਿਟੀ ਔਫ਼ ਐਲਬਰਟਾ ਦੇ ਕਈ ਵਿਦਿਆਰਥੀਆਂ ਨੇ ਦੱਸਿਆ ਹੈ ਕਿ ਉਹਨਾਂ ਦੀਆਂ ਫੀਸਾਂ ਦੁੱਗਣੀਆਂ ਤੋਂ ਵੀ ਵੱਧ ਕਰ ਦਿੱਤੀਆਂ ਗਈਆਂ ਹਨ ਤੇ ਅਜਿਹਾ ਇਸ ਕਰਕੇ ਹੋਇਆ ਹੈ ਕਿ ਸੂਬੇ ਦੀ ਜੇਸਨ ਕੈਨੀ ਸਰਕਾਰ ਨੇ ਯੂਨਿਵਰਸਿਟੀ ਨੂੰ ਦਿੱਤੇ ਜਾਣ ਵਾਲੇ ਫੰਡਾਂ ਵਿੱਚ ਕਟੌਤੀ ਕਰ ਦਿੱਤੀ ਹੈ। ਕਈ ਗ੍ਰੈਜੁਏਟ ਅਤੇ ਪੋਸਟ ਗ੍ਰੈਜੁਏਟ ਕੋਰਸਾਂ ਦੀ ਫੀਸ 14 ਤੋਂ ਲੈ ਕੇ 104% ਤੱਕ ਵਧਾ ਦਿੱਤੀ ਗਈ ਹੈ। ਐਨਡੀਪੀ ਦੇ ਐਡਵਾਂਸਡ ਐਜੁਕੇਸ਼ਨ ਕ੍ਰਿਟਿਕ ਡੇਵਿਡ ਐਗਨ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਉਚੇਰੀ ਪੜ੍ਹਾਈ ਦੇਣ ਦਾ ਅਰਥ ਹੈ ਸੂਬੇ ਨੂੰ ਆਰਥਕ ਰਿਕਵਰੀ ਦੇਣਾ ਤੇ ਸਰਕਾਰ ਇਸ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਨੇ ਸਾਲ 2019-20 ਜਾਰੀ ਕੀਤੀ ਜਾਂਦੀ 5.47 ਬਿਲੀਅਨ ਡਾਲਰ ਦੀ ਰਕਮ ਘਟਾ ਕੇ 2020-21 ਵਾਸਤੇ 5.04 ਬਿਲੀਅਨ ਡਾਲਰ ਕਰ ਦਿੱਤੀ ਹੈ ਤੇ ਯੂਨਿਵਰਸਿਟੀਆਂ ਨੇ ਘਾਟਾ ਦੂਰ ਕਰਨ ਲਈ ਫੀਸਾਂ ਵਧਾ ਦਿੱਤੀਆਂ ਹਨ ਜਿਸ ਦਾ ਉਲਟਾ ਅਸਰ ਵਿਦਿਆਰਥੀਆਂ 'ਤੇ ਪੈਣ ਲੱਗਿਆ ਹੈ। ਯੂਨਿਵਰਸਿਟੀ ਔਫ਼ ਐਲਬਰਟਾ ਦੇ ਵਿਦਿਆਰਥੀਆਂ ਨੇ ਚਿੰਤਾ ਪ੍ਰਗਟ ਕਰਦਿਆਂ ਹੈ ਕਿ ਯੂਨਿਵਰਸਿਟੀ ਦੇ ਲੌਅ ਡਿਪਾਰਟਮੈਂਟ ਤਹਿਤ ਜਿਉਰਿਸ ਡੌਕਟਰ ਪ੍ਰੋਗਰੈਮ ਦੀ ਫੀਸ ਵਿੱਚ 45% ਦਾ ਵਾਧਾ ਕਰ ਦਿੱਤਾ ਗਿਆ ਹੈ। ਜਿਹੜੇ ਵਿਦਿਆਰਥੀ ਸਾਲ 2022 ਵਿੱਚ ਇਸ ਵਿਭਾਗ ਵਿੱਚ ਦਾਖ਼ਲ ਹੋਣਗੇ ਉਹਨਾਂ ਨੂੰ 5265 ਡਾਲਰ ਦੀ ਥਾਂ ਸਾਲਾਨਾ ਟਿਉਸ਼ਨ ਫੀਸ 16973 ਡਾਲਰ ਅਦਾ ਕਰਨੀ ਪਵੇਗੀ। ਯੂਸੀਪੀ ਸਰਕਾਰ ਨੇ ਕਿਹਾ ਸੀ 3 ਸਾਲਾਂ ਵਿੱਚ 21% ਫੀਸਾ ਵਾਧਾ ਕੀਤਾ ਜਾ ਸਕਦਾ ਹੈ ਪਰ ਇਹ ਵਾਧਾ ਇੱਕ ਸਾਲ ਵਿੱਚ ਹੀ ਲਗਪਗ 45% ਕੀਤਾ ਜਾ ਰਿਹਾ ਹੈ। ਲੰਘੀ 6 ਅਪ੍ਰੈਲ ਵਾਲੇ ਦਿਨ ਵਿਭਾਗ ਦੇ ਡੀਨ ਨੇ ਇੱਕ ਈ-ਮੇਲ ਭੇਜ ਕੇ ਇਸ ਦੀ ਸੂਚਨਾ ਦਿੱਤੀ ਹੈ। ਵੈਬਸਾਇਟ 'ਤੇ ਪਾਈ ਜਾਣਕਾਰੀ ਵਿੱਚ ਕਿਹਾ ਗਿਆ ਹੈ ਕਿ ਇਸ ਵਧੀ ਹੋਈ ਫੀਸ ਨਾਲ ਕਲਾਸ ਸਾਇਜ਼ ਛੋਟਾ ਕੀਤਾ ਜਾਵੇਗਾ ਤੇ ਨਵੇਂ ਅਧਿਆਪਕ ਰੱਖਣ ਵਿੱਚ ਮੱਦਦ ਮਿਲੇਗੀ। ਹੁਣ ਮਈ ਮਹੀਨੇ ਵਿੱਚ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਜਾਵੇਗੀ। ਉੱਧਰ, ਯੂਨਿਵਰਸਿਟੀ ਔਫ਼ ਕੈਲਗਰੀ ਦੇ ਕੈਂਪਸ ਵਿੱਚ ਚੱਲਦਾ 'ਬੁੱਕਸਟੋਰ' ਯੂਨਿਵਰਸਿਟੀ ਪ੍ਰਸ਼ਾਸਨ ਨੇ ਵੇਚਣ ਦਾ ਫੈਸਲਾ ਕੀਤਾ ਦੱਸਿਆ ਜਾਂਦਾ ਹੈ। ਅਮੈਰਿਕਾ ਦੇ ਇਲਿਨੌਇ ਦੀ ਕੰਪਨੀ 'ਫੌਲੈਟ' ਨੇ ਇਸ ਨੂੰ ਖ਼ਰੀਦਣ ਵਿੱਚ ਦਿਲਚਸਪੀ ਲਈ ਹੈ ਜਿਸ ਮਗਰੋਂ ਇਸ ਬੁਕ ਸਟੋਰ 'ਤੇ ਕਿਤਾਬਾਂ ਮਹਿੰਗੀਆਂ ਹੋ ਸਕਦੀਆਂ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਆਪਣੇ ਖ਼ਰਚ ਬਚਾਉਣ ਲਈ ਯੂਨਿਵਰਸਿਟੀ ਵਿਦਿਆਰਥੀਆਂ 'ਤੇ ਬੋਝ ਵਧਾਉਂਦੀ ਜਾ ਰਹੀ ਹੈ। ਸਟੂਡੈਂਟ ਯੂਨਿਅਨ ਨੇ ਯੂਨਿਵਰਸਿਟੀ ਪ੍ਰਸ਼ਾਸਨ ਨਾਲ ਮੀਟਿੰਗ ਲਈ ਸਮਾਂ ਮੰਗਿਆ ਹੈ।

# ਸਕੂਲਾਂ ਵਿੱਚ ਕਰੋਨਾ ਤੇਜੀ ਨਾਲ ਫੈਲ ਰਿਹਾ ਹੈ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ ਐਡਮੰਟਨ ਦੇ ਪਬਲਿਕ ਸਕੂਲਾਂ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਜਾ ਰਿਹਾ ਹੈ। ਐਡਮੰਟਨ ਪਬਲਿਕ ਸਕੂਲ ਡਿਵੀਜਨ ਦੇ ਸੁਪਰਿੰਟੈਂਡੈਂਟ ਡੈਰਲ ਰੌਬਰਟਸਨ ਦਾ ਕਹਿਣਾ ਹੈ ਕਿ ਪਹਿਲੀ ਅਪ੍ਰੈਲ ਤੋਂ 27 ਸਕੂਲਾਂ ਵਿੱਚ 33 ਵਿਦਿਆਰਥੀਆਂ ਅਤੇ 5 ਸਟਾਫ਼ ਮੈਂਬਰਾਂ ਨੂੰ ਇਸ ਵਾਇਰਸ ਨੇ ਆਪਣੀ ਲਪੇਟ ਵਿੱਚ ਲਿਆ ਹੈ। ਇਸ ਤੋਂ ਬਾਦ 900 ਵਿਦਿਆਰਥੀਆਂ ਅਤੇ 115 ਸਟਾਫ਼ ਮੈਂਬਰਾਂ ਨੂੰ ਆਇਸੋਲੇਸ਼ਨ ਵਿੱਚ ਭੇਜਿਆ ਗਿਆ ਹੈ। ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਕੌਨਟੈਕਟ ਟ੍ਰੇਸਿੰਗ ਦਾ ਕੰਮ ਕੀਤਾ ਜਾ ਰਿਹਾ ਹੈ। ਰੌਬਰਟਸਨ ਨੇ ਕਿਹਾ ਹੈ ਕਿ ਅਗਲੇ ਸਾਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 2.7% ਵਧ ਸਕਦੀ ਹੈ ਅਤੇ ਸਕੂਲਾਂ ਨੂੰ ਵਾਧੂ ਫੰਡਾਂ ਦੀ ਵੀ ਲੋੜ ਹੋਵੇਗੀ।


WARD TIRECRAFT
COMMERCIAL
AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
CALL TODAY FOR AN ESTIMATE!
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL LAUFENN HANKOOK GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

# ਸਾਡਾ ਵਿਰਸਾ ਬਾਈ ਸਪੀਕਰ ਵਾਲੇ ਦੀ ਵੀ ਪੂਰੀ ਟੌਹਰ ਹੁੰਦੀ ਸੀ ਸਾਡੇ ਸਮਿਆਂ ਚ




95691-49556
ਸ੍ਰੀ ਮੁਕਤਸਰ ਸਾਹਿਬ

ਮੰਜੇ ਜੋੜ ਸਪੀਕਰ ਲੱਗਣੇ ਨਹੀਂ।ਜਿਹੜੇ ਵਾਜੇ ਵੱਜਗੇ ਮੁੜਕੇ ਵੱਜਣੇ ਨਹੀਂ।ਉਪਰਲੇ ਕਥਨ ਦੇ ਵਿੱਚ ਸੌ ਫੀਸਦੀ ਸਚਾਈ ਹੈ। ਬੇਸ਼ੱਕ ਇਸ ਨੂੰ ਸਥਾਈ ਬਣਾਕੇ ਗੁਰਦਾਸ ਮਾਨ ਨੇ ਵੀ ਇਹ ਗੀਤਗਾਇਆ ਹੈ।ਗੱਲ ਸਮੇਂ ਸਮੇਂ ਦੀ ਹੁੰਦੀ ਹੈ, ਜੇਕਰ ਤਿੰਨ ਚਾਰ ਦਹਾਕੇ ਪਹਿਲਾਂ ਦੀ ਗੱਲ ਕਰੀਏ ਓਦੋਂ ਇਨ੍ਹਾਂ ਸਪੀਕਰ ਵਾਲੇਵੀਰਾਂ ਨੂੰ ਈਦ ਦੇ ਚੰਨ ਵਾਂਗੂ ਉਡੀਕਿਆ ਜਾਂਦਾ ਰਿਹਾ ਹੈ।ਕਿਸੇ ਘਰ ਮੰਗਣਾ (ਰੋਪਣਾ)ਪੈਣੀ ਹੁੰਦੀ, ਕਿਸੇ ਘਰ ਅਖੰਡ ਪਾਠਆਰੰਭ ਹੋਣਾ ਹੁੰਦਾ ਜਾਂ ਫਿਰ ਲੜਕੇ ਦੀ ਸਾਦੀ ਹੋਣੀ ਹੁੰਦੀ ਤਾਂ ਦੋ ਦੋ ਦਿਨ ਪਹਿਲਾਂ ਹੀ ਸਪੀਕਰ ਵਾਲਾ ਵੀਰ ਆ ਜਾਂਦਾ ਸੀ,ਜੇਕਰ ਇਨ੍ਹਾਂ ਦੇ ਮਿਹਨਤਾਨੇ ਦੀ ਗੱਲ ਕਰੀਏ ਤਾਂ ਚਾਰ ੰਜ ਸੌ ਰੁਪਏ ਜਾਂ ਫਿਰ ਦੋ ਤਿੰਨ ਦੀ ਮਿਹਨਤ ਸਿਰਫ ਹਜਾਰ ਕੁਰੁਪਏ ਹੀ ਹੋਇਆ ਕਰਦੀ ਸੀ।ਆਉਣ ਸਾਰ ਹੀ ਬਾਈ ਜੀ ਨੂੰ ਲੱਡੂ ਜਲੇਬੀਆਂ ਮਖਾਣਿਆਂ ਨਾਲ ਚਾਹ ਪਾਣੀ ਪਿਆਉਣੀ,ਫਿਰ ਨਾਲ ਦੀ ਨਾਲ ਹੀ ਕੋਠੇ ਤੇ ਦੋ ਮੰਜੇ ਪੈਂਦ ਵਾਲਾ ਪਾਸਾ ਉੱਪਰ ਨੂੰ ਕਰਕੇ ਦੌਣ ਨੂੰ ਉਧੇੜ ਕੇ ਮੰਜਿਆਂ ਦੇ ਸੇਰੂਆਂ ਨੂੰ ਬੰਨ੍ਹਦਿੱਤਾ ਜਾਂਦਾ ਤੇ ਨਾਲ ਹੀ ਦੋ ਹਾਰਨ ਬੰਨ੍ਹ ਦਿੰਦੇ ਦੋਨਾਂ ਹਾਰਨਾਂ ਦੇ ਮਗਰ ਦੋ ਯੂਨਿਟਾਂ ਕਸ ਦੇਣੀਆਂ ਲੰਬੀ ਤਾਰ ਜੋੜ ਕੇ ਥੱਲੇਸੁੱਟ ਦੇਣੀ ਕਿਸੇ ਨੇੜੇ ਬਿਜਲੀ ਦੇ ਪਲੱਗ ਚੋਂ ਤਾਰ ਲਾਕੇ, ਤਵਿਆਂ ਵਾਲੀ ਮਸੀਨ ਵਿੱਚ ਕਰੰਟ ਚੈੱਕ ਕਰਕੇ ਸਪੀਕਰ ਲਾਦੇਣਾ। ਸਭ ਤੋਂ ਪਹਿਲਾਂ ਲਾਲ ਚੰਦ ਯਮਲਾ ਜੱਟ ਜੀ ਦਾ ਗੀਤ ×;ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਹੈ ਨੀਝਾਂ ਲਾ ਲਾਵੇਂਹਦੀ ਦੁਨੀਆਂ ਸਾਰੀ ਐ×; ਇਹ ਲੱਗਣਾ। ਇਸ ਗੀਤ ਨੂੰ ਅੱਜ ਵੀ ਓਨਾ ਹੀ ਸੁਣਿਆਂ ਜਾਂਦਾ ਹੈ ਜਿਨ੍ਹਾਂ ਓਨਾਂ ਸਮਿਆਂ ਵਿੱਚਸੁਣਿਆਂ ਜਾਂਦਾ ਸੀ। ਜਦੋਂ ਬਾਈ ਸਪੀਕਰ ਵਾਲੇ ਨੇ ਆਪਣਾ ਕੰਮ ਸੁਰੂ ਕਰਨਾ ਤਾਂ ਛੋਟੇ ਛੋਟੇ ਬੱਚਿਆਂ ਨੇ ਉਸ ਦੇ ਦੁਆਲੇ ਆਕੇ ਬੈਠਜਾਣਾ,ਪੱਥਰ ਦੇ ਤਵਿਆਂ ਨੂੰ ਮਸੀਨ ਵਿੱਚ ਹਰ ਇੱਕ ਦੋ ਰਿਕਾਰਡ ਲਾਉਣ ਤੋਂ ਬਾਅਦ ਸੂਈ ਬਦਲੀ ਜਾਂਦੀ ਕਰਕੇ ਬੱਚਿਆਂਨੂੰ ਓਹ ਘਸੀ ਹੋਈ ਸੂਈ ਚੱਕਣ ਦੀ ਆਦਤ ਸੀ ਇਸੇ ਝਾਕ ਨੂੰ ਹੀ ਅਸੀਂ ਸਾਮਾਂ ਤੱਕ ਬਾਈ ਸਪੀਕਰ ਵਾਲੇ ਕੋਲ ਬੈਠੇਰਹਿਣਾ। ਸਾਮ ਨੂੰ ਪੈਗ ਛੈਗ ਵੀ ਬੜੇ ਆਦਰ ਸਤਿਕਾਰ ਨਾਲ ਦਿੱਤਾ ਜਾਂਦਾ ਸੀ ਸਪੀਕਰ ਵਾਲੇ ਨੂੰ। ਜੇਕਰ ਓਹਨਾਂ ਸਮਿਆਂ ਦੇ ਗੀਤਾਂ ਦੀ ਗੱਲ ਕਰੀਏ ਤਾਂ ਲਾਲ ਚੰਦ ਯਮਲਾ ਜੱਟ ਜੀ, ਚਾਂਦੀ ਰਾਮ ਵਲੀ ਪੁਰੀਆ,ਰਜਬਅਲੀ,ਸਾਬਰ ਹੁਸੈਨ ਸਾਬਰ,ਸੋਹਨ ਸਿੰਘ ਸੀਤਲ, ਅਜੈਬ ਰਾਏ,ਨਜੀਰ ਮੁਹੰਮਦ, ਸੁਖਦੇਵ ਸਫਰੀ,ਆਸਾ ਸਿੰਘਮਸਤਾਨਾ,ਪੂਰਨ ਜਲਾਲਾਬਾਦੀ, ਸੁਦੇਸ ਕੁਮਾਰੀ, ਨਰਿੰਦਰ ਬੀਬਾ, ਸੀਮਾ, ਹਰਚਰਨ ਗਰੇਵਾਲ, ਦੀਦਾਰ ਸੰਧੂ ਆਦਿਗੀਤਕਾਰ ਤੇ ਗਾਇਕ ਮੰਨੇ ਪ੍ਰਮੰਨੇ ਸਨ ਤੇ ਇਨ੍ਹਾਂ ਦੀ ਪੰਜਾਬੀ ਗੀਤਾਂ ਤੇ ਗੀਤਕਾਰੀ ਵਿੱਚ ਤੂਤੀ ਬੋਲਦੀ ਸੀ। ਓਨਾਂ ਸਮਿਆਂਵਿੱਚ ਜਿਹੜੇ ਗੀਤ ਜਾ?ਆਦਾ ਚੱਲਿਆ ਕਰਦੇ ਸਨ ਓਨਾਂ ਦੇ ਕੁਝ




ਕੁ ਮੁਖੜੇ ਸਨ:-ਮੇਰੀ ਡਿੱਗ ਪਈ ਚਰੀ ਦੇ ਵਿੱਚ ਗਾਨੀ ਚੱਕ ਲਿਆ ਮੋਰ ਬਣਕੇ,ਤੇਰਾ ਰੂਪ ਬੱਦਲਾਂ ਦਾ ਪਰਛਾਵਾਂ ਗੋਰੀਏ ਗੁਮਾਨ ਨਾ ਕਰੀਂ,ਗੱਡੀ ਲੈ ਕਲਕੱਤੇ ਵੜਦਾ ਮੁੜਕੇ ਪਤਾ ਨਹੀਂ ਲੈਂਦਾ ਘਰ ਦਾ,ਕੱਢਦੀ ਰੁਮਾਲ ਉੱਤੇ ਬਾਰਾਂ ਵਜੇ ਬੂਟੀਆਂ,ਭਾਖੜੇ ਤੋਂ ਆਉਂਦੀ ਇੱਕ ਮੁਟਿਆਰ ਨੱਚਦੀ,ਚਾਹ ਦਿਲਾਂ ਦੇ ਦਿਲਾਂ ਦੇ ਵਿੱਚ ਰਹਿਗੇ,ਟੁੱਟੇ ਦਿਲ ਨਹੀਂ ਜੁੜਦੇ ਕਦੇ ਵੀ ਤੋੜੀਂ ਨਾ,ਤੇਰੀ ਲੰਬੜਦਾਰਾਂ ਦੇ ਨਾਲ ਯਾਰੀ,ਮਾਹੀ ਅੱਖ ਦਾ ਬਣਾ ਲਿਆ ਤਾਰਾ,ਸਬੱਬੀਂ ਹੋਗੇ ਮੇਲੇ ਵੇ ਖੜ੍ਹਾ ਰਹਿ ਜਾਲਮਾਂ,ਰਾਤੀਂ ਸੀ ਉਡੀਕਾਂ ਤੇਰੀਆਂ,ਹੱਥੀਂ ਤੋਰੇ ਸੱਜਣਾਂ ਨੂੰ,ਕੁੜਤੀ ਮਲਮਲ ਦੀ ਅਤੇ ਹੋਰ ਵੀ ਅਨੇਕਾਂ ਐਸੇ ਗੀਤ ਸਨ ਜਿਨ੍ਹਾਂ ਨੂੰ ਫਰਮਾਇਸ ਤੇ ਸੁਣਿਆਂ ਜਾਂਦਾ ਰਿਹਾ ਹੈ। ਇਥੇ ਮੈਂਆਪਣੇ ਵਿਆਹ ਦੇ ਸਮੇਂ ਦੀ ਵੀ ਗੱਲ ਜਰੂਰ ਸਾਂਝੀ ਕਰਦਾ ਹੈ ਇਹ ਸਨ ਛਿਅੱਤਰ ਦੀ ਗੱਲ ਹੈ ਓਦੋਂ ਦੀਦਾਰ ਸੰਧੂ ਜੀ ਦਾਗੀਤ ਨਵਾਂ ਨਵਾਂ ਆਇਆ ਸੀ ਕੁੜਤੀ ਮਲਮਲ ਦੀ ਵਿੱਚ ਭਾਫਾਂ ਛੱਡੇ ਸਰੀਰ ਤੇ ਇਹੀ ਗੀਤ ਮੇਰੇ ਇੱਕ ਦੋਸਤ ਨੇ ਵਾਰਵਾਰ ਮੋੜਕੇ ਬਹੁਤ ਵਾਰ ਲੁਆਇਆ ਤੇ ਬਾਈ ਸਪੀਕਰ ਵਾਲਾ ਵੀ ਅੱਕ ਗਿਆ ਸੀ।ਇਸ ਤੋਂ ਇਲਾਵਾ ਅਮਰ ਸਿੰਘ ਸੌਂਕੀਜੀ ਦੀਆਂ ਵਾਰਾਂ ਨੂੰ ਸਾਡੇ ਪੁਰਖੇ ਬਹੁਤ ਹੀ ਨੀਝ ਨਾਲ ਸੁਣਿਆਂ ਕਰਦੇ ਸਨ। ਜੇਕਰ ਅਖੰਡ ਪਾਠ ਵਾਲੇ ਘਰ ਸਪੀਕਰ ਲੱਗਣਾ ਤਾਂ ਭੋਗ ਤੋਂ ਬਾਅਦ ਜੇ ਓਸੇ ਘਰ ਮੁੰਡੇ ਦਾ ਵਿਆਹ ਹੋਣਾ ਤਾਂ ਮਾਣਸਤਿਕਾਰ ਨਾਲ ਬਾਈ ਸਪੀਕਰ ਵਾਲੇ ਨੂੰ ਬਰਾਤ ਵੀ ਲੈ ਕੇ ਜਾਣਾ ਤੇ ਓਥੇ ਵੀ ਬਰਾਤੀਆਂ ਨੇ ਉਸ ਨੂੰ ਵੇਲ ਦੇਣੀ ਭਾਵਫਰਮਾਇਸ ਤੇ ਰਿਕਾਰਡ ਲਵਾਉਣੇ ਤੇ ਖੁਸ ਹੋ ਕੇ ਪੈਸੇ ਦੇਣ ਨੂੰ ਵੇਲ ਕਿਹਾ ਜਾਂਦਾ ਸੀ,ਬਾਈ ਨੇ ਖੁਸ ਹੋ ਜਾਣਾ ਤੇ ਓਥੋਂਵਿਆਹ ਵਾਲੇ ਘਰੋਂ ਭਾਵ ਵਿਆਦੜ ਦੇ ਸਹੁਰਿਆਂ ਤੋਂ ਖੇਸ ਕੰਬਲ ਵੀ ਸਤਿਕਾਰ ਵਜੋਂ ਦਿਵਾਉਣਾ। ਜਦੋਂ ਬਾਈ ਨੇ ਆਪਣੇ ਪਿੰਡ ਤੋਂ ਆਉਣਾ ਤਾਂ ਲੱਕੜ ਦੀ ਪੇਟੀ,ਦੋ ਮਾਇਕ,ਬੈਟਰੀ,ਬਕਸੇ ਵਿੱਚ ਤਵਿਆਂ ਵਾਲੀ ਮਸੀਨ,ਤੇ ਅਣਗਿਣਤ ਹੀ ਪੱਥਰ ਦੇ ਤਵੇ ਹੋਇਆ ਕਰਦੇ ਸਨ ਜਿਨ੍ਹਾਂ ਵਿੱਚ ਉਪਰੋਕਤ ਗਾਇਕਾਂ ਤੇ ਗੀਤਕਾਰਾਂ ਦੇ ਤਵਿਆਂ ਦਾਜਮਾਵੜਾ ਹੁੰਦਾ ਸੀ।ਸਾਈਕਲ ਦੀ ਪਿਛਲੀ ਕਾਠੀ ਕਾਫੀ ਵੱਡੀ ਲੁਆ ਕੇ ਉਸ ਉੱਪਰ ਲੱਕੜ ਦੀ ਪੇਟੀ ਰੱਖ ਕੇ ਸਾਈਕਲ ਦੀਪੁਰਾਣੀ ਟਿਊਬ ਨਾਲ ਬੰਨ੍ਹ ਕੇ ਕਰੀਬ ਦਸ ਦਸ, ਪੰਦਰਾਂ ਪੰਦਰਾਂ ਕੋਹ ਦੂਰ ਤੱਕ ਪਹੁੰਚ ਜਾਂਦੇ ਸਨ ਬਾਈ ਸਪੀਕਰਾਂ ਵਾਲੇ।ਬਹੁਤ ਸਾਰੇ ਐਸੇ ਬਾਈ ਸਨ ਜਿਨ੍ਹਾਂ ਨੂੰ ਇਸ ਕੰਮ ਦਾ ਸਿਰਫ ਸੌਕ ਹੀ ਹੁੰਦਾ ਸੀ ਤੇ ਕਈ ਆਪਣੀ ਕਬੀਲਦਾਰੀ ਵੀ ਇਸੇਕਾਰਜ ਨਾਲ ਹੀ ਤੋਰਦੇ ਹਨ ਸਸਤੇ ਸਮੇਂ ਕਰਕੇ ਇਸ ਕੰਮ ਨਾਲ ਹੀ ਆਪਣੇ ਪਰਿਵਾਰ ਪਾਲਦੇ ਰਹੇ ਹਨ ਇਹ ਸਪੀਕਰਾਂਵਾਲੇ ਬਾਈ ਇਹ ਗੱਲ ਸਾਡੀ ਅਜੋਕੀ ਪੀੜ੍ਹੀ ਨੂੰ ਬਹੁਤ ਹੀ ਹੈਰਾਨੀ ਵਾਲੀ ਲੱਗਦੀ ਹੋਵੇਗੀ ਪਰ ਇਹ ਸੌ ਪ੍ਰਤੀਸਤ ਸੱਚ ਹੈ।ਗੱਲ ਤਾਂ ਸਮੇਂ ਸਮੇਂ ਦੀ ਹੀ ਹੈ ਓਦੋਂ ਇਨ੍ਹਾਂ ਸਪੀਕਰ ਵਾਲੇ ਵੀਰਾਂ ਦੀ ਬਹੁਤ ਪੁੱਛਗਿੱਛ ਅਤੇ ਇਜਤ ਮਾਣ ਤੇ ਸਤਿਕਾਰਹੋਇਆ ਕਰਦਾ ਸੀ।ਪਰ ਬਦਲੇ ਸਮੀਕਰਣ ਤੇ ਬਦਲੇ ਸਮਿਆਂ ਵਿੱਚ ਇਨ੍ਹਾਂ ਦੀ ਕਿਸੇ ਪਾਸੇ ਵੀ ਕੋਈ ਪੁੱਛ ਦੱਸ ਨਹੀਂ ਰਹਿਗਈ। ਇਨ੍ਹਾਂ ਦਾ ਇਹ ਧੰਦਾ ਚੌਪਟ ਹੋ ਗਿਆ ਹੈ।ਅਜੋਕੇ ਬਦਲੇ ਸਮਿਆਂ ਵਿੱਚ ਇਨ੍ਹਾਂ ਦੀ ਥਾਂ ਡੀਜੇ ਵਾਲਿਆਂ ਨੇ ਲੈ ਲਈਹੈ। ਓਹਨਾਂ ਦੇ ਸੋਰ ਸਰਾਬੇ ਵਿੱਚ ਸਾਡਾ ਪੁਰਾਤਨ ਮਾਣਮੱਤਾ ਵਿਰਸਾ ਸਭਿਆਚਾਰ ਦੱਬਿਆ ਗਿਆ ਹੈ। ਹੁਣ ਮੀਡੀਆ ਦੇਯੁੱਗ ਵਿੱਚ ਪੈਨ ਡਰਾਈਵ, ਦੇ ਵਿੱਚ ਹਜਾਰਾਂ ਗੀਤ ਸਮਾ ਜਾਂਦੇ ਹਨ ਤੇ ਹੋਰ ਪਤਾ ਨਹੀਂ ਕੀ ਕੀ ਚੱਲ ਪਿਆ ਹੈ ਇਸ ਲਈਬਾਈ ਸਪੀਕਰ ਵਾਲਿਆਂ ਦੀ ਕੋਈ ਵੁੱਕਤ ਨਹੀਂ ਰਹਿ ਗਈ।ਪਰ ਕਈ ਵੀਰਾਂ ਨੇ ਇਸ ਸੌਕ ਨੂੰ ਹਾਲੇ ਵੀ ਬਰਕਰਾਰਰੱਖਿਆ ਹੋਇਆ ਹੈ,ਜੋ ਪੰਜਾਬ ਦੇ ਖਾਸ ਮੇਲਿਆਂ ਤੇ ਆਪਣੇ ਇਸ ਪੁਰਾਤਨ ਵਿਰਸੇ ਨੂੰ ਲੋਕਾਂ ਦੇ ਸਨਮੁੱਖ ਕਰਨ ਲਈਯਤਨਸੀਲ ਹਨ ਤੇ ਨਾਮਣਾ ਖੱਟ ਰਹੇ ਹਨ। ਵਾਹਿਗੁਰੂ ਅੱਗੇ ਅਰਦਾਸ ਬੇਨਤੀ ਹੈ ਕਿ ਉਹ ਇਸ ਸਾਡੀ ਪੁਰਾਤਨ ਵਿਰਾਸਤਨੂੰ ਸਾਂਭ ਕੇ ਰੱਖਣ ਤੇ ਸਮੇਂ ਸਮੇਂ ਤੇ ਲੁਕਾਈ ਦੇ ਸਨਮੁੱਖ ਕਰਦੇ ਰਹਿਣ ਤਾਂ ਕਿ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣਾਅਤੀਤ ਯਾਦ ਰਹਿ ਸਕੇ।

## ਜਨਮਦਿਨ ’ਤੇ ਵਿਸ਼ੇਸ਼

### ਕਲਮ ਦਾ ਧਨੀ ਸੰਸਾਰ ਪ੍ਰਸਿੱਧ ਪੇਸ਼ਕਾਰ ਤੇ ਗੀਤਕਾਰ

# 25 ਸਾਲਾਂ ਤੋਂ ਲੋਕ ਮਨਾਂ ਤੇ ਰਾਜ ਕਰ ਰਿਹੈ ਭੱਟੀ ਭੜੀਵਾਲਾ



ਗੁਰਬਾਜ ਗਿੱਲ
- 98723-62507

ਪੰਜਾਬੀ ਗੀਤਕਾਰੀ ਵਿੱਚ ਜਸਵਿੰਦਰ ਸਿੰਘ ‘ਭੱਟੀ’ ਨੂੰ ਸ਼ਾਇਦ ਹੀ ਕੋਈ ਜਾਣਦਾ ਹੋਵੇ, ਪਰ ‘ਭੱਟੀ ਭੜੀਵਾਲਾ’ ਵਾਲੇ ਦੇ ਨਾਂ ਤੋਂ ਦੁਨੀਆ ਭਰ ਵਿੱਚ ਰਹਿੰਦਾ ਹਰ ਪੰਜਾਬੀ ਕੋਈ ਵਾਕਿਫ ਹੈ। ਰੂਹ ਵਿੱਚ ਉਤਰ ਜਾਣ ਵਾਲੇ ਗੀਤਾਂ ਦਾ ਜਨਮਦਾਤਾ ਭੱਟੀ ਭੜੀਵਾਲਾ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸੱਭਿਆਚਾਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਹੀ ਨਹੀਂ ਦੇ ਰਿਹਾ, ਸਗੋਂ ਪੰਜਾਬੀ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਨੂੰ ਆਪਣੇ ਗੀਤਾਂ ਰਾਹੀਂ ਸ਼ਿੰਗਾਰ ਵੀ ਰਿਹਾ ਹੈ। ਭੱਟੀ ਭੜੀਵਾਲੇ ਦੇ ਗੀਤਾਂ ਨੂੰ ਗਾ ਕੇ ਸੈਂਕੜੇ ਗਾਇਕਾ ਨੇ ਆਪਣੀ ਪਹਿਚਾਣ ਬਣਾਈ ਹੈ ਅਤੇ ਉਸ ਦੇ ਗੀਤ ਗਾ ਕੇ ਬਹੁਤ ਸਾਰੇ ਗਾਇਕ ‘ਸਟਾਰ’ ਵੀ ਬਣੇ ਹਨ। ਭੱਟੀ ਭੜੀਵਾਲਾ ਦੇ ਗੀਤਾਂ ਵਿੱਚ ਪ੍ਰਆਧ ਦੇ ਗੰਨਿਆਂ ਵਰਗੀ ਮਿਠਾਸ ਹੈ, ਉਸ ਦੇ ਗੀਤ ਕੰਨਾਂ ਵਿੱਚ ਮਿਸਰੀ ਵਰਗਾ ਰਸ ਘੋਲਦੇ ਨੇ। ਭੱਟੀ ਭੜੀਵਾਲੇ ਦੀ ਗੀਤਾਂ ਨੂੰ ਸੁਣਕੇ ਕਦੇ ਵੀ ਮਨ ਅੱਕਦਾ ਨਹੀਂ, ਉਸ ਦੇ ਗੀਤ ਸੰਗੀਤ ਪ੍ਰੇਮੀਆਂ ਦੀ ਰੂਹ ਤੱਕ ਉਤਰ ਜਾਂਦੇ ਨੇ ਅਤੇ ਰੂਹ ਨੂੰ ਨਸ਼ਿਆ ਦਿੰਦੇ ਨੇ। ਉਸ ਦੇ ਗੀਤਾਂ ਦੀ ਬੋਲੀ ਬਹੁਤ ਸਾਦਗੀ ਵਾਲੀ ਹੁੰਦੀ ਹੈ, ਜਿਸ ਕਰਕੇ ਉਸ ਦੇ ਗੀਤ ਸਹਿਜੇ ਹੀ ਸਮਝ ਵਿੱਚ ਆਉਣ ਵਾਲੇ ਹੁੰਦੇ ਨੇ। ਭੱਟੀ ਭੜੀਵਾਲੇ ਦੇ ਲਿਖੇ ਕਿਸੇ ਵੀ ਗੀਤ ਨੂੰ ਜਦੋਂ ਸੁਣੀਦੈ, ਪਹਿਲੀ ਲਾਈਨ ਤੋਂ ਲੈ ਕੇ ਅਖੀਰਲੀ ਲਾਈਨ ਤੱਕ ਉਸ ਦਾ ਗੀਤ ਕਿਸੇ ਫਿਲਮ ਦੀ ਕਹਾਣੀ ਵਾਂਗ ਅੱਖਾਂ ਮੂਹਰੋਂ ਦੀ ਲੰਘ ਜਾਂਦੈ। ਉਸ ਦੇ ਲਿਖੇ ਹਰ ਗੀਤ ਵਿੱਚ ਇੱਕ ਵੱਖਰਾ ਵਿਸ਼ਾ ਹੁੰਦਾ ਹੈ ‘ਤੇ ਉਸ ਵਿਸ਼ੇ ਨੂੰ ਨਿਭਾਉਣਾ ਉਹ ਚੰਗੀ ਤਰਾਂ ਜਾਣਦਾ ਹੈ। ਉਸ ਦੇ ਗੀਤਾਂ ਵਿੱਚ ਰੋਜ-ਮਰਾ ਦੀ ਜਿੰਦਗੀ ਵਿੱਚ ਆਉਣ ਵਾਲੀਆਂ ਗੱਲਾਂ ਦਾ ਜਿਕਰ ਹੁੰਦਾ ਹੈ। ਮੁਹਾਵਰੇ ਅਤੇ ਕਹਾਵਤਾਂ ਭੱਟੀ ਭੜੀਵਾਲੇ ਦੇ ਗੀਤਾਂ ਨੂੰ ਖੂਬ ਸ਼ਿੰਗਾਰਦੀਆਂ ਨੇ। ਭੱਟੀ ਭੜੀਵਾਲਾ ਜਿੰਨਾ ਵਧੀਆ ਲੇਖਕ ਹੈ ਓਨਾ ਹੀ ਵਧੀਆ ਇਨਸਾਨ ਹੈ, ਪਹਿਲੀ ਮੁਲਾਕਾਤ ਵਿੱਚ ਹੀ ਹਰ ਕਿਸੇ ਨੂੰ ਆਪਣਾ ਬਣਾ ਲੈਣ ਦੀ ਕਲਾ ਉਸ ਨੂੰ ਖੂਬ ਆਉਂਦੀ ਹੈ। ਜਿਹੜਾ ਵੀ ਉਸ ਨੂੰ ਇੱਕ ਵਾਰ ਮਿਲ ਲੈਂਦਾ ਹੈ ਸਾਰੀ ਉਮਰ ਉਸ ਦੇ ਨਿੱਘੇ ਤੇ ਮਿਲਾਪੜੇ ਸੁਭਾਅ ਤੋਂ ਪਰਾਂ ਨਹੀਂ ਹੋ ਸਕਦਾ।

ਭੱਟੀ ਭੜੀਵਾਲੇ ਦਾ ਜਨਮ ਪਿੰਡ ਭੜੀ (ਫਤਿਹਗੜ੍ਹ ਸਾਹਿਬ) ਵਿਖੇ ਪਿਤਾ ਸ. ਹਰਨੇਕ ਸਿੰਘ ਅਤੇ ਮਾਤਾ ਜੀ ਸ਼੍ਰੀਮਤੀ ਸਵਰਨ ਕੌਰ ਦੇ ਘਰ ਹੋਇਆ। ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ, ਫਿਰ ਏ ਐਸ ਕਾਲਜ ਖੰਨੇ ਤੋਂ ਬੀ ਏ ਕੀਤੀ, ਐਮ ਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ ਨਾਲ ਹੀ ਇੱਥੋਂ ਐਮ ਫਿਲ ਪੰਜਾਬੀ ਲਿਟਰੇਚਰ ਕੀਤੀ ਅਤੇ ਫੇਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਖੇਤੀਬਾੜੀ ਵਿੱਚ ਡਿਪਲੋਮਾ ਕੀਤਾ ਅਤੇ ਫਿਰ ਐਮ.ਬੀ.ਏ (ਫਾਇਨਾਂਸ) ਦੀ ਡਿਗਰੀ ਹਾਸਿਲ ਕੀਤੀ। ਕਿਸੇ ਨੂੰ ਪਤਾ ਨਹੀ ਸੀ ਕਿ ਪਿੰਡ ਭੜੀ ਦੀਆਂ ਗਲੀਆਂ ਵਿੱਚ ਖੇਡਦਾ ਇਹ ਬੱਚਾ ਆਉਣ ਵਾਲੇ ਕੱਲ੍ਹ ਨੂੰ ‘ਭੱਟੀ ਭੜੀਵਾਲੇ’ ਦੇ ਨਾਮ ਨਾਲ ਮਸ਼ਹੂਰ ਹੋ ਕੇ ਪੂਰੀ ਦੁਨੀਆਂ ਵਿੱਚ ਪਿੰਡ ਦਾ ਨਾਮ ਰੌਸ਼ਨ ਕਰੇਗਾ।



☛ ਭੱਟੀ ਭੜੀਵਾਲਾ

ਭੱਟੀ ਭੜੀ ਵਾਲੇ ਦੇ ਗੀਤਾਂ ਦੀ ਗਿਣਤੀ ਸੈਂਕੜਿਆ ਚ ਹੈ, ਜੇ ਉਸ ਦੇ ਉਹਨਾਂ ਗੀਤਾਂ ਦੀ ਲਿਸਟ ਬਣਾਈ ਜਾਵੇ ਤਾਂ ਲਿਸਟ ਬਹੁਤ ਲੰਮੀ ਹੋ ਜਾਂਦੀ ਹੈ, ਫੇਰ ਵੀ ਕੁਝ ਨਾਮਵਰ ਗਾਇਕਾਂ ਦੇ ਨਾਵਾਂ ਦਾ ਜ਼ਿਕਰ ਕਰਨਾ ਜਰੂਰੀ ਬਣਦਾ ਹੈ:- ਜਿੰਦਾਂ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਦੁਰਗਾ ਰੰਗੀਲਾ, ਸੁਖਸ਼ਿੰਦਰ ਸ਼ਿੰਦਾ, ਜਸਬੀਰ ਜੱਸੀ, ਹਰਦੀਪ, ਅਮਰ ਨੂਰੀ, ਮਨਪ੍ਰੀਤ ਅਖਤਰ, ਸੁਨੀਤਾ ਭੱਟੀ, ਕਮਲਜੀਤ ਨੀਰੂ, ਜਸਪਿੰਦਰ ਨਰੂਲਾ, ਰਣਜੀਤ ਮਣੀ, ਨਿਰਮਲ ਸਿੱਧੂ, ਬਿੱਲ ਸਿੰਘ, ਸਰਬਜੀਤ ਚੀਮਾ, ਭਿੰਦਾ ਜੱਟ, ਗੁਰਬਖਸ਼ ਸ਼ੌਂਕੀ, ਭੁਪਿੰਦਰ ਗਿੱਲ ਜੰਗੇਆਣਾ, ਜੀਤ ਜਗਜੀਤ, ਸਲੀਮ, ਭੁਪਿੰਦਰ ਕੌਰ ਮੁਹਾਲੀ, ਗੁਰਮੇਜਰ ਗੁਰਨਾ, ਕੁਲਦੀਪ ਤੂਰ, ਮਨਿੰਦਰ ਮੰਗਾ, ਭੁਪਿੰਦਰ ਬੱਬਲ, ਗੁਰਕ੍ਰਿਪਾਲ ਸੂਰਾਪੁਰੀ, ਕੇਸਰ ਮਾਣਕੀ, ਮਿਸ ਨੀਲਮ, ਮਨਿੰਦਰ ਦਿਓਲ, ਮਦਨ ਸ਼ੌਂਕੀ, ਲਾਭ ਜੰਜੂਆ, ਮੇਜਰ ਸਿੰਘ ਸੁਨਾਮ, ਹਰਭਜਨ ਸ਼ੇਰਾ, ਜੱਸੀ ਜਸਪਾਲ, ਕਰਮਜੀਤ ਅਨਮੋਲ, ਰਾਜਦੀਪ ਲਾਲੀ (ਅਸਟਰੇਲੀਆ), ਪੰਮਾ ...ਾ (ਯੂ ਕੇ), ਮੰਗਲ ਸਿੰਘ (ਯੂ ਕੇ) ਰਾਜ ਤਿਵਾੜੀ, ਜਸ਼ਨ ਸਿੰਘ, ਤੁਲਸੀ ਕੁਮਾਰ, ਰਾਜਿੰਦਰ ਮੋਹਣੀ, ਮੀਤ ਮਲਕੀਤ , ਰਾਖੀ ਹੁੰਦਲ, ਸਤਵਿੰਦਰ ਸੱਤੀ (ਯੂ ਐਸ ਏ), ਮਨਮਿੰਦਰ ਬਾਸੀ (ਕੈਨੇਡਾ), ਛਿੰਦਾ ਸੁਰੀਲਾ (ਯੂ ਕੇ) ਹਰਪ੍ਰੀਤ ਰੰਧਾਵਾ, ਰੂਪੀ ਢਿੱਲੋਂ (ਯੂ.ਕੇ.), ਮਨਜੀਤ ਰੂਪੋਵਾਲੀਆ ਤੋਂ ਇਲਾਵਾ ਹੋਰ ਬਹੁਤ ਸਾਰੇ ਗਾਇਕਾਂ ਨੇ ਭੱਟੀ ਦੇ ਲਿਖੇ ਗੀਤ ਗਾਏ ਹਨ। ਭੱਟੀ ਭੜੀਵਾਲੇ ਦੇ ਲਿਖੇ ਸੈਂਕੜੇ ਹੀ ਗੀਤ ਹਿੱਟ ਹੋਏ ਨੇ, ਜਿਹੜੇ ਦੋ ਦਹਾਕਿਆਂ ਤੋਂ ਵੀ ਜਿਆਦਾ ਲੋਕਾਂ ਦੇ ਮਨ੍ਹਾਂ ਉੱਪਰ ਰਾਜ ਕਰ ਰਹੇ ਹਨ, ਜਿਵੇਂ ਕਿ

**-ਅਸੀਂ ਜਿੱਤਗੇ ਮੁਕੱਦਮਾ ਪਿਆਰ ਦਾ, ਤੂੰ ਇਸ਼ਕੇ ਦਾ ਕੇਸ ਹਾਰ ਗਈ (ਦੁਰਗਾ ਰੰਗੀਲਾ)**
**-ਰੱਬ ਵਰਗਾ ਤੇਰਾ ਯਾਰ ਵੈਰਨੇ (ਦੁਰਗਾ ਰੰਗੀਲਾ)**
**-ਬਾਪੂ ਤੇਰਾ ਗੁਜਰ ਗਿਆ (ਦੁਰਗਾ ਰੰਗੀਲਾ)**
**-ਮੇਲਾ ਵੇਖਦੀਏ ਮੁਟਿਆਰੇ (ਸਰਬਜੀਤ ਚੀਮਾ)**
**-ਯਾਦਾਂ ਤੇਰੀਆਂ (ਬਿੱਲ ਸਿੰਘ)**
**-ਇੱਕ ਤੇਰੇ ਠੁਮਕੇ ਨੇ (ਮਾਸਟਰ ਸਲੀਮ) -ਅਸੀਂ ਦਿਲ ਦੇ ਬੂਹੇ ਤੇ ਲਿਖਵਾਇਆ, ਆਓ ਜੀ ਆਇਆ ਨੂੰ (ਹਰਭਜਨ ਸ਼ੇਰਾ)**
**-ਮਾਫ ਕਰੀ ਤੈਨੂੰ ਮਿਲ ਸੋਹਣਿਆ, ਆ ਨਹੀਂ ਸਕਦੀ ਮੈਂ (ਰਣਜੀਤ ਮਣੀ)**
**-ਦਿਲ ਮਿਲਿਆਂ ਦੇ ਮੇਲੇ (ਕੁਲਦੀਪ ਮਾਣਕ)**
**-ਸੋਹਰਿਆਂ ਦੀ ਮੁੰਦੀ (ਮਨਿੰਦਰ ਮੰਗਾ)**
**-ਛੱਡ ਪ੍ਰਦੇਸ਼ਾਂ ਨੂੰ (ਸੁਰਿੰਦਰ ਸ਼ਿੰਦਾ)**
**-ਟਾਈਮ-ਟਾਈਮ ਦੀ ਗੱਲ (ਸੁਨੀਤਾ ਭੱਟੀ)**
**-ਮੇਲਾ ਲੁੱਟਕੇ ਮੁੜੇਗੀ (ਹਰਦੀਪ)**
**-ਤੈਨੂੰ ਲਾਣੇਦਾਰ ਦਿਲ ਦਾ ਬਣਾਈ ਬੈਠੀ ਆਂ (ਕਮਲਜੀਤ ਨੀਰੂ)**
**-ਚੁੰਨੀ ਲੈ ਦੇ ਸੱਤਰੰਗ ਦੀ (ਅਮਰ ਨੂਰੀ)**
**-ਸੁਣਿਆ ਤੂੰ ਸਾਡੇ ਛੱਲਿਆਂ ਤੇ, ਨਾ ਲਿਖਵਾ ਲਏ ਹੋਰਾਂ ਦੇ (ਗੁਰਬਖਸ਼ ਸ਼ੌਂਕੀ)**
**-ਸਾਰੀ ਰਾਤ ਸੋਹਣਿਆ ਨੀਂਦ ਨਾ ਆਉਂਦੀ (ਸੁਨੀਤਾ ਭੱਟੀ)**
**-ਬਾਜੀ ਜਿੱਤ ਕੇ ਗਏ ਆ ਰਾਂਝਾ ਹਾਰ ਵੇ (ਜਸਪਿੰਦਰ ਨਰੂਲਾ)**
**-ਤਿੰਨ ਵਾਰ ਹੱਥ ਹਿੱਲਿਆ ਟਾ ਟਾ ਕਹਿ ਗਈ (ਕਰਤਾਰ ਰਮਲਾ)**
**-ਹੱਕ ਮੰਗਿਆ ਨੀ ਮਿਲਦੇ ਹੱਕ ਤਾਂ ਖੋਹਣੇ ਪੈਂਦੇ ਨੇ (ਮਨਮਿੰਦਰ ਬਾਸੀ)**
**-ਕਿਉਂ ਫਿਰੇ ਰੋਲਦਾ ਵੇ ਮੂਰਖਾ ਤੂੰ ਊੜਾ ‘ਤੇ ਜੂੜਾ (ਜੀਤ ਜਗਜੀਤ)**
**-ਇੱਕ ਯਾਦ ਪੁਰਾਣੀ ਏ ਤੇਰੀ ਮੇਰੀ ਕਹਾਣੀ ਏ (ਜਸ਼ਨ ਸਿੰਘ)**
**-ਜੇ ਸਿੱਖ ਨੂੰ ਸਿੱਖ ਨਾ ਮਾਰੇ, ਸਿੱਖ ਕੌਮ ਕਦੇ ਨਾ ਹਾਰੇ (ਸੁਖਸ਼ਿੰਦਰ ਸ਼ਿੰਦਾ)**
**-ਜੋ ਜਿਓਣ ਅਣਖ ਦੇ ਨਾਲ, ਓਹ ਜਸਟ ਪੰਜਾਬੀ ਹੁੰਦੇ ਨੇ (ਸੁਰਿੰਦਰ ਛਿੰਦਾ)**
**-ਤੇਰੇ ਠੁਮਕੇ ਨੇ ਇੰਡੀਆ ਹਿਲਾਕੇ ਰੱਖਤਾ (ਜਸਬੀਰ ਜੱਸੀ)**
**-ਮੈਂ ਵੀ ਕੱਲ੍ਹ ਜੁੱਤੀ ਨੂੰ ਲਵਾ ਲਏ ਘੁੰਗਰੂ (ਰਾਖੀ ਹੁੰਦਲ)**
**-ਸਾਡੀ ਸਰਦਾਰੀ ਦੀਆਂ ਹੁੰਦੀਆਂ ਨੇ ਗੱਲਾਂ (ਹਰਦੀਪ ਸਿੰਘ)**
**-ਨੱਚਦੀ ਨਵੀਂ ਵਿਆਹੀ ਜੋੜੀ (ਸਰਬਜੀਤ ਚੀਮਾ)**

ਪ੍ਰਸਿੱਧ ਪੇਸ਼ਕਾਰ ਤੇ ਗੀਤਕਾਰ ਭੱਟੀ ਭੜੀਵਾਲੇ ਦੇ ਭਵਿੱਖ ਚ’ ਆਉਣ ਵਾਲੇ ਗੀਤਾਂ ਵਿੱਚ ਮੰਨਤ ਨੂਰ, ਸੁਖਸ਼ਿੰਦਰ ਸ਼ਿੰਦਾ, ਸੁਰਿੰਦਰ ਛਿੰਦਾ, ਰਾਖ਼ੀ ਹੁੰਦਲ, ਮਲਕੀਤ ਸਿੰਘ, ਰੂਪੀ ਢਿੱਲੋਂ, ਅਸੀਸ ਕੌਰ, ਸੁਖਵਿੰਦਰ ਪੰਛੀ, ਬਿੱਲ ਸਿੰਘ, ਜੀਤ ਜਗਜੀਤ ਅਤੇ ਹੋਰ ਵੀ ਅਨੇਕਾਂ ਗਾਇਕਾਂ ਦੇ ਨਾਮ ਸ਼ਾਮਿਲ ਹਨ। ਭੱਟੀ ਭੜੀ ਵਾਲੇ ਦੀ ਕਲਮ ਕੈਸਿਟਾਂ ਤੱਕ ਹੀ ਸੀਮਿਤ ਨਹੀ ਰਹੀ, ਸਗੋਂ ਉਸਦਾ ਸਾਹਿਤਕ ਸਫਰ ਵਿੱਚ ਵੀ ਕੋਈ ਸਾਨੀ ਨਹੀ। ਜਿੱਥੇ ਢੇਰਾਂ ਗੀਤ



ਰਿਕਾਰਡ ਹੋਏ ਨੇ, ਉੱਥੇ ਉਹਨਾਂ ਨੇ ਆਪਣੇ ਗੀਤਾਂ ਦੀ ਲਿਖੀ ਕਿਤਾਬ ਵੀ ਪ੍ਰਕਾਸ਼ਿਤ ਕਰਵਾਈ ਹੈ, ਉਨਾਂ ਦੀ ਪਲੇਠੀ ਕਿਤਾਬ ‘ਪਿੰਡ ਦੀਆਂ ਗਲੀਆਂ’ ਨੂੰ ਪਿੱਛੇ ਜਿਹੇ ਇਟਲੀ, ਯੂ ਕੇ, ਕੈਨੇਡਾ ਅਤੇ ਅਮਰੀਕਾ ਵਿੱਚ ਰਿਲੀਜ਼ ਕੀਤਾ ਗਿਆ ਹੈ ਅਤੇ ਬਹੁਤ ਜਲਦੀ ਪੰਜਾਬੀ ਪਾਠਕਾਂ ਨੂੰ ਇੱਕ ਹੋਰ ਕਿਤਾਬ ‘ਪੰਜਾਬ ਜ਼ਿੰਦਾਬਾਦ’ ਵੀ ਪੜ੍ਹਨ ਨੂੰ ਮਿਲੇਗੀ ਜੋ ਕਿ ਵਿਲੱਖਣ ਲੇਖਣੀ ਅਤੇ ਸੁਲਝੀ ਸੋਚ ਦਾ ਪ੍ਰਤੱਖ ਪ੍ਰਮਾਣ ਹੋਵੇਗੀ। ਭੱਟੀ ਭੜੀਵਾਲੇ ਦੇ ਗੀਤਕਾਰੀ ਦੇ ਸਫਰ ਨੂੰ ਵਿਸਥਾਰ ਪੂਰਵਕ ਸਮਝਣ ਲਈ ਬਹੁਤ ਸਮਾਂ ਚਾਹੀਦਾ ਹੈ, ਪੰਜਾਬੀ ਮਾਂ ਬੋਲੀ ਦਾ ਇਹ ਮਾਣਮੱਤਾ ਪੇਸ਼ਕਾਰ ਤੇ ਗੀਤਕਾਰ ਅੱਜਕੱਲ੍ਹ ਪੰਜਾਬ ਦੇ ਵੀ ਆਈ ਪੀ ਜਿਲ੍ਹੇ ਮੁਹਾਲੀ ਵਿਖੇ ਆਪਣੇ ਪਰਿਵਾਰ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਗੁਜ਼ਾਰ ਰਿਹਾ ਹੈ। ਸ਼ਾਲਾਂ! ਸੰਸਾਰ ਪ੍ਰਸਿੱਧ ਪੇਸ਼ਕਾਰ ਤੇ ਗੀਤਕਾਰ ਭੱਟੀ ਭੜੀ ਵਾਲਾ ਇਸੇ ਤਰਾਂ ਮਾਂ ਬੋਲੀ ਪੰਜਾਬੀ ਦੀ ਨਿਰੰਤਰ ਸੇਵਾ ਕਰਦਾ ਰਹੇ।

# ਪੰਜਾਬੀ ਸਿਨਮੇ ’ਚ ਨਵਾਂ ਇਤਿਹਾਸ ਸਿਰਜੇਗੀ ‘ਕਿਸਮਤ 2’



ਸੁਰਜੀਤ ਜੱਸਲ
9814607737

ਕਾਮੇਡੀ ਤੇ ਵਿਆਹ ਕਲਚਰ ਦੇ ਸਿਨੇਮਾ ਯੁੱਗ ਵਿੱਚ 2018 ਵਿਚ ਰਿਲੀਜ਼ ਹੋਈ ਪਿਆਰ ਤੇ ਭਾਵੁਕਤਾ ਨਾਲ ਦਿਲਾਂ ਨੂੰ ਛੂਹਣ ਵਾਲੀ ਫ਼ਿਲਮ ‘ਕਿਸਮਤ’ ਨੇ ਸਫ਼ਲਤਾ ਦਾ ਐਸਾ ਇਤਿਹਾਸ ਰਚਿਆ ਕਿ ਪੰਜਾਬੀ ਸਿਨਮੇ ਨੇ ਇੱਕ ਨਵਾਂ ਮੋੜ ਲਿਆ। 2018 ਦੀ ਬਲਾਕਬਾਸਟਰ ਇਸ ਫ਼ਿਲਮ ਦੇ ਨਿਰਮਾਤਾ ਸ਼੍ਰੀ ਨਰੋਤਮ ਜੀ ਫ਼ਿਲਮਜ਼ ਵਾਲੇ ਅੰਕਿਤ ਵਿਜ਼ਨ ਅਤੇ ਨਵਦੀਪ ਨਰੂਲਾ ਨੇ ਇਸ ਫ਼ਿਲਮ ਨੂੰ ਜਿੱਥੇ ਪਿਆਰ ਦੀ ਚਾਸ਼ਨੀ ‘ਚ ਭਿੱਜੀ ਕਹਾਣੀ, ਦਿਲਾਂ ਨੂੰ ਛੂਹਣ ਵਾਲਾ ਸੰਗੀਤ ਤੇ ਭਾਵੁਕਤਾ ਭਰੇ ਡਾਇਲਾਗ ਦੀ ਪੁੱਠ ਚਾੜ੍ਹੀ, ਉਥੇ ਇਸ ਨੂੰ ਸਫ਼ਲ ਬਣਾਉਣ ਲਈ ਮਹਿੰਗੀ ਤਕਨੀਕ ਤੇ ਮਾਹਿਰ ਕਲਾਕਾਰਾਂ ਦਾ ਸਹਿਯੋਗ ਲਿਆ। ਇਸ ਫ਼ਿਲਮ ਨਾਲ ਐਮੀ ਵਿਰਕ ਜਿੱਥੇ ਲੀਕ ਤੋਂ ਹਟਵੇਂ ਕਿਰਦਾਰ ‘ਚ ਨਜ਼ਰ ਆਇਆ ਉੱਥੇ ‘ਅੰਗਰੇਜ਼’ ਫ਼ਿਲਮ ਵਾਲੀ ‘ਧੰਨ ਕੁਰ’ (ਸਰਗੁਣ ਮਹਿਤਾ) ਇਸ ਫ਼ਿਲਮ ਵਿਚਲੇ ‘ਬਾਨੀ’ ਦੇ ਕਿਰਦਾਰ ਨਾਲ ਸਫ਼ਲਤਾ ਦੇ ਸਿਖਰਲੇ ਟੰਬੇ ਜਾ ਬੈਠੀ। ਉਸਦੀ ਅਦਾਕਾਰੀ ਦੇ ਕਈ ਰੰਗ ਇਸ ਫ਼ਿਲਮ ਰਾਹੀਂ ਵੇਖਣ ਨੂੰ ਮਿਲੇ।

ਸਫ਼ਲਤਾ ਦਾ ਪਰਚਮ ਲਹਿਰਾਉਣ ਵਾਲੀ ਇਸ ਫ਼ਿਲਮ ਦਾ ਰਿਕਾਰਡ ਕਿਸੇ ਹੋਰ ਫ਼ਿਲਮ ਦੇ ਹਿੱਸੇ ਨਾ ਆਇਆ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦੀ ਨਿਰਮਾਤਾ ਜੋੜੀ ਅੰਕਿਤ ਵਿਜ਼ਨ ਅਤੇ ਨਵਦੀਪ ਨਰੂਲਾ ਹੁਣ ਇਸ ਫ਼ਿਲਮ ਦਾ ਸੀਕੁਅਲ ‘ਕਿਸਮਤ-2’ ਨਾਲ ਮੁੜ ਹਾਜ਼ਿਰ ਹੋ ਰਹੇ ਹਨ। 24 ਸਤੰਬਰ 2021 ਨੂੰ ਰਿਲੀਜ਼ ਹੋਣ ਵਾਲੀ ਇਸ ਫ਼ਿਲਮ ਦਾ ਪਹਿਲਾ ਪੋਸਟਰ ਕੁਝ ਦਿਨ ਪਹਿਲਾਂ ਰਿਲੀਜ਼ ਹੋਇਆ ਹੈ। ਜਿਸ ਪ੍ਰਤੀ ਦਰਸ਼ਕਾਂ ਦਾ ਵੱਡਾ ਉਤਸ਼ਾਹ ਨਜ਼ਰ ਆਇਆ ਹੈ। ਇਸ ਜੋੜੀ ਦਾ ਇਹ ਵੱਡਾ ਉਪਰਾਲਾ ਹੈ ਕਿ ‘ਕਿਸਮਤ 2’ ਨੂੰ ਪਹਿਲੀ ਫ਼ਿਲਮ ਨਾਲੋਂ ਦੋ ਕਦਮ ਅੱਗੇ ਹੋ ਕੇ ਬਣਾਇਆ ਹੈ ਕਿ ਦਰਸ਼ਕਾਂ ਦੇ ਦਿਲਾਂ ‘ਚ ਇਹ ਦੋਵੇਂ ਫ਼ਿਲਮਾਂ ਇੰਝ ਵਸ ਜਾਣ ਕਿ ਇੱਕ ਮੁਕੰਮਲ ਕਹਾਣੀ ਮਹਿਸੂਸ ਹੋਵੇ। ਅੰਕਿਤ ਵਿਜ਼ਨ ਦੇ ਅਨੁਸਾਰ ਪੂਰੀ ਦੁਨੀਆਂ ‘ਚ ਵਸਦੇ ਦਰਸ਼ਕਾਂ ਨੇ ‘ਕਿਸਮਤ’ ਨੂੰ ਜਿਹੜਾ ਪਿਆਰ ਦਿੱਤਾ ਯਕੀਨਨ ਇਸ ਜਬਰਦਸ਼ਤ ਫ਼ਿਲਮ ਦਾ ਸੀਕੁਅਲ ਬਣਾਉਣਾ ਚਣੌਤੀ-ਭਰਿਆ ਤਜੱਰਬਾ ਰਿਹਾ। ਫੇਰ ਵੀ ਸਾਡੀ ਕੋਸ਼ਿਸ਼ ਰਹੀ ਕਿ ਦਰਸ਼ਕਾਂ ਦੇ ਮਨੋਰੰਜਨ ਨੂੰ ਹੋਰ ਬੇਹੱਤਰ ਬਣਾਇਆ ਜਾਵੇ।




ਨਵਦੀਪ ਨਰੂਲਾ ਦੇ ਮੁਤਾਬਕ ਉਨਾਂ ਨੂੰ ਪੂਰੀ ਉਮੀਦ ਹੈ ਕਿ ਐਮੀ ਵਿਰਕ ਤੇ ਸਰਗੁਣ ਮਹਿਤਾ ਦੀ ਰੁਮਾਂਟਿਕ ਜੋੜੀ ਵਾਲੀ ‘ਕਿਸਮਤ 2’ ਇੱਕ ਨਵਾਂ ਇਤਿਹਾਸ ਬਣਾਵੇਗੀ ਤੇ ਪਹਿਲੀ ਫ਼ਿਲਮ ਵਾਂਗ ਵੱਡੀ ਸਫ਼ਲਤਾ ਨੂੰ ਪੰਜਾਬੀ ਸਿਨਮੇ ਦੇ ਇਤਿਹਾਸ ਵਿੱਚ ਦਰਜ਼ ਕਰਵਾਏਗੀ। ਸਾਡੀ ਟੀਮ ਨੇ ਇਸ ਫ਼ਿਲਮ ਨੂੰ ਮਹਾਨ ਬਣਾਉਣ ‘ਚ ਕੋਈ ਕਸਰ ਬਾਕੀ ਨਹੀਂ ਛੱਡੀ।

ਜ਼ਿਕਰਯੋਗ ਹੈ ਕਿ ਸ੍ਰੀ ਨਰੋਤਮ ਫ਼ਿਲਮਜ਼ ਪ੍ਰੋਡਕਸ਼ਨਜ਼ ਨੇ ਪੰਜਾਬੀ ਸਿਨਮੇ ਨੂੰ ਹਮੇਸਾਂ ਹੀ ਸਮਾਜ ਨਾਲ ਜੁੜੀਆਂ ਮਨੋਰੰਜਨ ਭਰਪੂਰ ਚੰਗੀਆਂ ਫ਼ਿਲਮਾਂ ਦਿੱਤੀਆ ਹਨ। ‘ਕਿਸਮਤ’ ਤੋਂ ਬਾਅਦ ਸੁਰਗੁਣ ਮਹਿਤਾ ਦੀ ਗੁਰਨਾਮ ਭੁੱਲਰ ਨਾਲ ਆਈ ‘ਸੁਰਖੀ ਬਿੰਦੀ ’ ਫ਼ਿਲਮ ਵੀ ਦਰਸਕਾਂ ਦੀ ਪਸੰਦ ਬਣੀ। ਇਸ ਫ਼ਿਲਮ ਰਾਹੀਂ ਪਿੰਡਾਂ ਵਿੱਚ ਰਹਿੰਦੀ ਮੱਧ ਵਰਗੀ ਪੰਜਾਬਣ ਮੁਟਿਆਰ ਦੇ ਵੱਡੇ ਸੁਪਨਿਆਂ ਅਤੇ ਦ੍ਰਿੜ ਇਰਾਦਿਆਂ ਨੂੰ ਆਧੁਨਿਕਤਾ ਦੇ ਰੰਗ ‘ਚ ਪੇਸ਼ ਕੀਤਾ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਟੀਮ ਵਿੱਚ ਜਿੱਥੇ ਜਗਦੀਪ ਸਿੱਧੂ ਵਰਗਾ ਸਮਰੱਥ ਲੇਖਕ ਤੇ ਨਿਰਮਾਤਾ ਹੋਵੇ, ਬੀ ਪਰਾਕ ਤੇ ਜਾਨੀ ਦੀ ਸੰਗੀਤਕ ਜੋੜੀ ਹੋਵੇ ਤਾਂ ਚੰਗੀ ਫ਼ਿਲਮ ਕਿਉਂ ਨਾ ਬਣੇਗੀ!

‘ਕਿਸਮਤ, ਸੁਫ਼ਨਾ’, ਸੁਰਖੀ ਬਿੰਦੀ, ਛੜਾ’ ਵਰਗੀਆਂ ਫ਼ਿਲਮਾਂ ਦੇਣ ਵਾਲਾ ਜਗਦੀਪ ਸਿੱਧੂ ਦਾ ਕਿਸਮਤ 2 ਵਿੱਚ ਵੱਡਮੁੱਲਾ ਯੋਗਦਾਨ ਹੈ ਉਸਦਾ ਕਹਿਣਾ ਹੈ ਕਿ ਇਹ ਫ਼ਿਲਮ ਵੀ ਪਹਿਲੀ ਫ਼ਿਲਮ ਵਾਂਗ ਦਰਸ਼ਕਾਂ ਦੀ ਪਸੰਦ ‘ਤੇ ਖਰੀ ਸਾਬਤ ਹੋਵੇਗੀ। ਇਸ ਤੋਂ ਬਾਅਦ ਇਸੇ ਬੈਨਰ ਦੀ ਇੱਕ ਹੋਰ ਫ਼ਿਲਮ ‘ਸਹੁਰਿਆਂ ਦਾ ਪਿੰਡ ਆ ਗਿਆ’ ਵੀ ਤਿਆਰ ਹੈ।






# ਇਹ ਐ ਪੰਜਾਬੀਆਂ ਦੀ ਤ੍ਰਿਵੈਣੀ

ਬਾਬੂ ਸਿੰਘ ਮਾਨ, ਮੁਹੰਮਦ ਸਦੀਕ ਤੇ ਬੀਬੀ ਰਣਜੀਤ ਕੌਰ ਦਾ ਸਭ ਤੋਂ ਪਹਿਲਾ ਰਿਕਾਰਡ ਜੋ ਐਚ ਐਮ ਵੀ ਕੰਪਨੀ ਨੇ 1967 ਵਿੱਚ ਰਿਕਾਰਡ ਕੀਤਾ ਤੇ ਜਨਵਰੀ 1968 ਚ ਰੀਲੀਜ਼ ਕੀਤਾ ਸੀ।

**ਜਿਸਦਾ ਲੜੀ ਨੰਬਰ ਐ ' – 93207**

ਉਸ ਵੇਲੇ ਇੱਕ ਰਿਕਾਰਡ ਵਿੱਚ ਸਿਰਫ ਦੋ ਹੀ ਗੀਤ ਹੁੰਦੇ ਸਨ ।ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਹ ਦੋ ਨਹੀਂ ਬਲਕਿ ਚਾਰ ਗੀਤ ਰਿਕਾਰਡ ਹੋਏ ਸਨ ਪਹਿਲਾਂ ਦੋ ਗੀਤਾਂ ਦਾ ਇਹ ਰਿਕਾਰਡ ਬਣਾਇਆ ਗਿਆ ਦੂਸਰੇ ਦੋ ਗੀਤਾਂ ਦੇ ਰਿਕਾਰਡ ਦੇ ਗੱਲ ਕਿਸੇ ਟਾਈਮ ਫਿਰ ਕਰਾਂਗੇ।

ਇਸਦੇ ਇੱਕ ਪਾਸੇ ਗੀਤ ਸੀ

**ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ ਘੜਾਉਣੀਆਂ**
**ਮੁੰਦਰੀ ਚ ਨਗ ਜੜਵਾਦੇ ਹਾਣੀਆਂ**
**ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ**
**ਤੇ ਦੂਸਰੇ ਪਾਸੇ ਗੀਤ ਸੀ ।**
**ਤੇਰਾ ਲੈਣ ਮੁਕਲਾਵਾ ਨੀ ਮੈਂ ਆਇਆ ਬੱਲੀਏ**
**ਨੀ ਮੈਂ ਲੈ ਕੇ ਜਾਣਾ**




ਦੋਵੇਂ ਹੀ ਗੀਤਾਂ ਦੇ ਗੀਤਕਾਰ ਬਾਬੂ ਸਿੰਘ ਮਾਨ ਤੇ ਸੰਗੀਤਕਾਰ ਕੇਸਰ ਸੰਘ ਨਰੂਲਾ ਸਨ। ਇਹ ਦੱਸ ਦੇਈਏ ਕਿ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਸਭ ਤੋਂ ਪਹਿਲਾ ਅਖਾੜਾ 4 ਮਾਰਚ 1967 ਨੂੰ ਜਿਲ੍ਹਾ ਸੰਗਰੂਰ ਦੇ ਪਿੰਡ ਰਾਜੇਆਣਾ ਵਿੱਚ ਲਾਇਆ ਸੀ ।

# ਮੂੰਹ ਵਿੱਚ ਭਾਬੀ ਦੇ ਨਣਦ ਬੁਰਕੀਆਂ ਪਾਵੇ

**ਮੂੰਹ ਵਿੱਚ ਭਾਬੀ ਦੇ ਨਣਦ ਬੁਰਕੀਆਂ ਪਾਵੇ**
**ਨਵੀਂ ਬਹੂ ਮੁਕਲਾਵੇ ਆਈ**
**ਸੱਸ ਧਰਤੀ ਪੈਰ ਨਾ ਲਾਵੇ**
**ਮੂੰਹ ਵਿੱਚ ਭਾਬੀ ਦੇ**
**ਨਣਦ ਬੁਰਕੀਆਂ ਪਾਵੇ**
**ਮੂੰਹ ਵਿੱਚ ਭਾਬੀ ਦੇ ........................**

ਗੀਤਕਾਰ ਤਰਲੋਚਨ ਸਿੰਘ ਚੰਨ ਜੰਡਿਆਲਵੀ ਦੇ ਲਿਖੇ ਇਸ ਗੀਤ ਨੂੰ ਵਿਆਹ ਸ਼ਾਦੀਆਂ ਦੇ ਮੌਕੇ ਪਿੰਡਾ ਵਿੱਚ ਵੱਜਣ ਵਾਲੇ ਸਪੀਕਰਾਂ ਦਾ ਯੁੱਗ ਵਿੱਚ ਜਿਹਨਾਂ ਨੇ ਵੀ ਸੁਣਿਆ ਹੋਇਆ ਐ ਉਹਨਾਂ ਨੂੰ ਇਹ ਗੀਤ ਯਾਦ ਹੋਵੇਗਾ । ਇਸ ਗੀਤ ਦੀ ਗਾਇਕਾ ਦਾ ਨਾਮ ਹੈ-ਸਵਰਨ ਲਤਾ । ਸਵਰਨ ਲਤਾ ਦਾ ਜਨਮ ਅਣਵੰਡੇ ਪੰਜਾਬ ਦੇ ਲਾਇਲਪੁਰ ਜਿਲ੍ਹੇ ਦੇ ਪਿੰਡ ਜੜਾਂਵਾਲਾ ਵਿੱਚ ਪਿਤਾ ਸ਼੍ਰੀ ਅਰਜਨ ਦਾਸ ਧੀਂਗੜਾ ਦੇ ਘਰ ਮਾਤਾ ਸ਼੍ਰੀ ਮਤੀ ਵਿਦਿਆ ਦੇਵੀ ਦੀ ਕੁੱਖੋਂ 19 ਜੁਲਾਈ 1938 ਨੂੰ ਹੋਇਆ । ਸਵਰਨ ਲਤਾ ਦਾ ਮੁੱਢਲਾ ਨਾਮ ਸਵਰਨ ਕਾਂਤਾ ਸੀ ਉਸਨੇ ਮੁਢਲੀ ਵਿਦਿਆ ਜੜਾਂਵਾਲਾ ਤੋਂ ਹੀ ਲਈ ਵੰਡ ਉਪਰੰਤ ਪ੍ਰੀਵਾਰ ਲੁਧਿਆਣੇ ਆ ਗਿਆ, 1953 ਵਿੱਚ ਜੈਨ ਗਰਲਜ਼ ਸਕੂਲ ਲੁਧਿਆਣਾ ਤੋਂ ਸਵਰਨ ਲਤਾ ਨੇ ਮੈਟ੍ਰਿਕ ਕੀਤੀ । ਗਾਇਕੀ ਦਾ ਸ਼ੌਕ ਉਸਨੂੰ ਸਕੂਲ ਟਾਇਮ ਤੋਂ ਹੀ ਪੈ ਗਿਆ ਸੀ ਗਾਇਕੀ ਦੇ ਗੁਰ ਉਸਨੇ ਮਾਸਟਰ ਸੋਹਨ ਲਾਲ ਤੋਂ ਸਿੱਖੇ 1956 ਵਿੱਚ ਸਵਰਨ ਲਤਾ ਦਾ ਵਿਆਹ ਆਰ ਸੀ ਗੁਪਤਾ ਨਾਲ ਹੋਇਆ, ਜਿਹਨਾਂ ਨੇ ਸਵਰਨ ਲਤਾ ਦੇ ਗਾਇਕੀ ਦੇ ਸ਼ੌਕ ਨੂੰ ਹੋਰ ਪ੍ਰਫੁੱਲਤ ਕੀਤਾ ।1960 ਵਿੱਚ ਸਵਰਨ ਲਤਾ ਦੀ ਆਵਾਜ਼ ਰੇਡੀ? ਤੇ ਰਿਕਾਰਡ ਹੋਈ, ਉਸ ਗੀਤ ਦੇ ਬੋਲ ਸਨ ।



**ਨੀ ਲੈ ਦੇ ਮਾਏਂ**
**ਕਾਲਿਆਂ ਬਾਗਾਂ ਦੀ ਮਹਿੰਦੀ**

1964 ਵਿੱਚ ਸਵਰਨ ਲਤਾ ਦੀ ਆਵਾਜ਼ ਪਹਿਲੀ ਵਾਰੀ ਐਚ ਐਮ ਵੀ ਕੰਪਨੀ ਦੇ ਤਵੇ ਵਿੱਚ ਰਿਕਾਰਡ ਹੋਈ, ਉਸ ਗੀਤ ਦੇ ਬੋਲ ਸਨ

**ਕਿੱਕਰਾਂ ਵੀ ਲੰਘ ਆਈ**
**ਬੇਰੀਆਂ ਵੀ ਲੰਘ ਆਈ**

ਉਸਤੋਂ ਬਾਅਦ ਸਵਰਨ ਲਤਾ ਨੇ ਕਦੇ ਵੀ ਪਿਛਾਂਹ ਮੁੜ ਕੇ ਨਹੀਂ ਦੇਖਿਆ ਮੁਹੰਮਦ ਸਦੀਕ, ਹਰਚਰਨ ਗਰੇਵਾਲ,ਕਰਮਜੀਤ ਸਿੰਘ ਧੂਰੀ, ਕਰਨੈਲ ਗਿੱਲ, ਪੰਡਿਤ ਜੱਗੀ, ਅਮਰਨਾਥ ਫਰੀਦਕੋਟੀ, ਦਲੀਪ ਸਿੰਘ ਦੀਪ, ਸਾਜਨ ਰਾਇਕੋਟੀ ਨਾਲ ਧੜਾਧੜ ਗੀਤ ਰਿਕਾਰਡ ਕਰਵਾਏ ਸਵਰਨ ਲਤਾ ਨੇ ਬਹੁਤੇ ਦੋ-ਗਾਣੇ,ਰਿਕਾਰਡ ਕਰਵਾਏ । ਖੁੱਲ੍ਹੇ ਸੁਭਾਅ ਦੇ ਗੀਤ ਵੀ ਉਹਨਾਂ ਬਹੁਤ ਗਾਏ ਹੋ ਸਕਦੈ ਉਸ ਵੇਲੇ ਸ੍ਰੋਤਿਆਂ ਦੀ ਮੰਗ ਹੋਵੇਗੀ ਜਾਂ ਕੰਪਨੀ ਦਾ ਵਿਉਪਾਰਕ ਪੱਖ ਜਿਵੇਂ ਥਮਲੇ ਦੇ ਕੋਲ ਕੋਲ ਦੀ ਵੀ ਉਸਦੀ ਗਾਇਕੀ ਦੀ ਸੂਚੀ ਵਿੱਚ ਦਰਜ ਹਨ।ਉਹਨਾਂ ਨੇ ਸੋਲੋ ਤੇ ਧਾਰਮਿਕ ਗੀਤ ਵੀ ਬਹੁਤ ਰਿਕਾਰਡ ਕਰਵਾਏ ਜਿਵੇਂ ਕਲਗੀਧਰ ਦਸਮੇਸ਼ ਪਿਤਾ ਦਾ ਜੇ ਦੁਨੀਆਂ ਵਿੱਚ ਅਵਤਾਰ ਨਾ ਹੁੰਦਾ ਝੁਲਦੇ ਹੋਰ ਜ਼ੁਲਮ ਦੇ ਝੱਖੜ ਧਰਮ ਦਾ ਬੇੜਾ ਪਾਰ ਨਾ ਹੁੰਦਾ ਅਤੇ ਤੇਰੀ ਕੁਰਬਾਨੀ ਦੀ ਦੁਹਾਈ ਖਾਲਸਾ ਧੰਨ ਧੰਨ ਧੰਨ ਤੇਰੀ ਏ ਕਮਾਈ ਖਾਲਸਾ ਸਵਰਨ ਲਤਾ ਨੇ ਸਟੇਜ਼ਾਂ ਤੇ ਸਭ ਤੋਂ ਵੱਧ ਕਰਮਜੀਤ ਸਿੰਘ ਧੂਰੀ ਨਾਲ ਗਾਇਆ 1988 ਤੋਂ ਬਾਅਦ ਸਵਰਨਲਤਾ ਗਾਇਕੀ ਦਾ ਪਿੜ ਛੱਡ ਗਈ । ਉਸਦੇ ਪ੍ਰੀਵਾਰ ਮੁਤਾਬਕ ਉਸ ਵੇਲੇ ਗਾਇਕੀ ਲਈ ਪੰਜਾਬ ਦਾ ਮਾਹੌਲ ਸਾਜਗਾਰ ਨਹੀਂ ਸੀ ਰਿਹਾ ।




# ਅਸੀਂ ਵਿਹਲੀਆਂ ਖੜ੍ਹੀਆਂ ਸੀ, ਸੋਚਿਆ ਰੋਣ ਵਾਲਾ ਕੰਮ ਤਾਂ ਨਿਬੇੜ ਈ ਲਈਏ।



ਕਾਵਿਕ ਅੰਦਾਜ਼ ਨਾਲ ਜ਼ਿੰਦਗੀ ਜਿਉਂਦੇ ਕਈ ਲੋਕ ਜਦੋਂ ਆ ਮਿਲਦੇ ਹਨ ਤਾਂ ਸਬੱਬੀ ਸਾਡੀਆਂ ਸੋਚਾਂ ਦੇ ਕਈ ਕੋਨੇ ਤਰਾਸ਼ੇ ਜਾਂਦੇ ਹਨ। ਕਈ ਵਾਰਸਾਡਾ ਵਾਹ ਕਿਸੇ ਅਜਿਹੇ ਸ਼ਖ਼ਸ਼ ਨਾਲ ਪੈਂਦਾ ਹੈ ਜੋ ਇੱਕ ਜੁੜਦੇ ਹਿੰਦਸੇ ਵਾਂਗ ਕਈ ਨਵੇਂ ਪੈਗ਼ਾਮ ਧਰ ਜਾਂਦਾ ਹੈ।ਕੈਲਗਰੀ ਆਉਣ ਦੇ ਮੁੱਢਲੇ ਦਿਨਾਂਵਿੱਚ ਮੇਰਾ ਰਾਬਤਾ ਬਲਜਿੰਦਰ ਗਿੱਲ ਭੈਣ ਜੀ ਨਾਲ ਹੋਇਆ ਸੀ। ਬਿਗਾਨੇ ਮੁਲਕ ਵਿੱਚ ਅਪਣੱਤ ਭਰੀ ਇਸ ਸਾਂਝ ਨੇ ਮੇਰਾ ਹੱਥ ਫੜਿਆ ਸੀ।ਉਹਉਮਰ, ਤਜਰਬੇ ਅਤੇ ਲਿਆਕਤ ਵਿੱਚ ਮੇਰੇ ਨਾਲੋਂ ਕਿਤੇ ਵੱਡੇ ਹਨ। ਉਨ੍ਹਾਂ ਕੋਲ ਅਤਿ ਦਰਜੇ ਦਾ ਧੀਰਜ, ਤਹੱਮਲ, ਠਰ੍ਹਮਾ ਅਤੇ ਜ਼ਿੰਦਗੀ ਦੀ ਹਾਂ-ਪੱਖੀਸੋਚ ਹੈ। ਇਸ ਪੱਖੋਂ ਮੈਂ ਆਪਣੇ ਆਪ ਨੂੰ ਊਣਾ ਜਾਣਦੀ ਹਾਂ। ਇਹੋ ਜਿਹੇ ਸ਼ਖ਼ਸ਼ ਸਭ ਨੂੰ ਹੀ ਕਿਤੇ ਨਾ ਕਿਤੇ ਆ ਮਿਲਦੇ ਹੋਣਗੇ ਜੋ ਜ਼ਿੰਦਗੀ ਨੂੰ ਜਿਉਣਜੋਗੀ ਊਰਜਾ ਭਰਦੇ ਹਨ, ਜਿੱਥੇ ਬਿਗਾਨਗੀ ਜਾਂ ਤੇਰ-ਮੇਰ ਸਿਰ ਨਹੀਂ ਚੁਕਦੀ।ਜੇ ਉਨ੍ਹਾਂ ਦੀ ਕਿਸੇ ਵਸਤੂ ਦੀ ਤਾਰੀਫ਼ ਕਰੋ ਅੱਗੋਂ ਆਖਦੇ ਹਨ-ਤੁਸੀਂ ਲੈਲਵੋ।ਮੈਂ ਜੋ ਕਈ ਸਬਕ ਉਨ੍ਹਾਂ ਤੋਂ ਸਿੱਖੇ ਹਨ, ਉਨ੍ਹਾਂ ਵਿੱਚੋਂ ਕੁੱਝ ਤੁਹਾਡੇ ਕੋਲ ਪੁਜਾ ਦੇਣ ਦੇ ਯਤਨ ਵਿੱਚ ਹੀ ਲਿਖ ਰਹੀ ਹਾਂ। ਕਈ ਲੋਕ ਗਵਾਂਢੀ ਦੇ ਦੱਸੇਕਿਸੇ ਰੋਗ ਦੇ ਲੱਛਣ ਵੀ ਆਪਣੇ ਵਿੱਚ ਲੱਭਣ ਲਗਦੇ ਹਨ ਪਰ ਗਿੱਲ ਭੈਣ ਜੀ ਮਾੜੀ ਮੋਟੀ ਸੱਟ ਜਾਂ ਦਰਦ ਨੂੰ'ਹੋਊ ਪਰੇ' ਹੀ ਕਰਦੇ ਦੇਖੇ ਹਨ। ਮੈਨੂੰਲਗਦਾ ਹੈ ਹਰ ਹਕੀਕਤ ਨਾਲ ਹੱਸ ਕੇ ਮੁਲਾਕਾਤ ਕਰਨ ਦੀ ਅਜਿਹੀ ਬਿਰਤੀ ਸਾਨੂੰ ਬਲ ਬਖ਼ਸ਼ਦੀ ਹੈ। ਉਨ੍ਹਾਂ ਨੇ ਮੇਰੀ ਲੋੜਾਂ-ਥੋੜਾਂ ਵਿੱਚ ਮਦਦ ਕੀਤੀਹੈ ਤੇ ਮਗਰੋਂ ਗੈਰਾਜ ਸੇਲ ਤੋਂ ਵਸਤਾਂ ਖ਼ਰੀਦ ਕੇ ਨਵੇਂ ਆਇਆਂ ਦੀਆਂ ਲੋੜਾਂ ਪੂਰਨੀਆਂ ਜਿਵੇਂ ਸਾਡਾ ਸ਼ੁਗਲ ਹੋ ਗਿਆ ਸੀ। ਫਿਰ ਸਾਡੇ ਦੋਵਾਂ ਦੇ ਦਾਇਰੇਮਿਲ ਕੇ ਸਾਂਝਾਂ ਦਾ ਇੱਕ ਮੋਕਲਾ ਸਿਲਸਿਲਾ ਜੁੜਦਾ ਰਿਹਾ। ਕਰੋਨਾਵਾਇਰਸ ਦੀ ਮਹਾਂਮਾਰੀ ਦੇ ਦਿਨਾਂ ਵਿੱਚ ਮੈਂ ਘਰ ਬੈਠੀ ਇਸ ਨਵੇਂ ਸੰਸਾਰ ਦੇ ਸਾਰੇਵਾਸੀਆਂ ਦੀ ਸੁੱਖ-ਸਾਂਦ ਲੋੜਦੀ ਰਹੀ ਹਾਂ। ਜਿਸ ਵਾਕਿਆ ਦਾ ਜ਼ਿਕਰ ਕਰਨ ਲੱਗੀ ਹਾਂ ਉਹ ਖਾਸ ਕਰ ਕੇ ਗੌਲਣ ਵਾਲੀ ਹੈ।ਕਈ ਸਾਲ ਹੋਏ ਗਿੱਲ ਭੈਣ ਜੀ ਦੀ ਪਿੱਠ ਵਿੱਚ ਅਸਹਿ ਦਰਦ ਹੋਂ ਲੱਗਾ। ਉਹ ਕਈ ਓਹੜ-ਪੋਹੜ ਕਰਦੇ ਰਹੇ। ਅਖੀਰ ਡਾਕਟਰ ਨੇਦੱਸਿਆ ਕਿ ਉਨ੍ਹਾਂ ਦੀ ਸਪਾਈਨ ਵਿੱਚ ਕੋਈ ਟੁੱਟ-ਭੱਜ ਦਾ ਖ਼ਦਸ਼ਾ ਹੈ, ਸੋ ਇੱਕ ਵੱਡਾ ਆਪ੍ਰੇਸ਼ਨ ਕਰਨਾ ਪਵੇਗਾ। ਨੀਯਤ ਮਿਤੀ ਤੇ ਆਪ੍ਰੇਸ਼ਨ ਹੋ ਗਿਆ।ਉਸ ਸਮੇਂ ਗਿੱਲ ਭੈਣ ਜੀ ਦੀ ਛੋਟੀ ਭੈਣ ਅਨੂਪ ਸੰਧੂ ਵੀ ਆਈ ਹੋਈ ਸੀ। ਕਈ ਘੰਟੇ ਦੇ ਆਪ੍ਰੇਸ਼ਨ ਤੋਂ ਬਾਅਦ ਉਨ੍ਹਾਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਕਮਰੇਵਿੱਚ ਲਿਆਂਦਾ ਗਿਆ। ਅਸੀਂ ਵੇਖ ਕੇ ਘਬਰਾ ਰਹੀਆਂ ਸਾਂ। ਮੈਂ ਤੇ ਅਨੂਪ ਭੈਣ ਬੈੱਡ ਦੀ ਬਾਹੀ ਨਾਲ ਖੜ੍ਹੀਆਂ ਸਾਂ। ਡਾਕਟਰ ਨੇ ਆ ਕੇ ਟੂਟੀਆਂਜਿਹੀਆਂ ਲਾਈਆਂ ਅਤੇ ਫ਼ਿਕਰ ਕਰਦਾ ਲੱਗ ਰਿਹਾ ਸੀ। ਅਸੀਂ ਉਸ ਨੂੰ ਕਾਹਲੀ ਕਾਹਲੀ ਚੱਕ-ਥਲ ਕਰਦਾ ਵੇਖ ਕੇ ਪੁੱਛਿਆ--ਇਜ਼ ਐਵਰੀਥਿੰਗ ਓ.ਕੇ.? ਉਸ ਨੇ ਧੁਰ ਅੰਦਰ ਤੱਕ ਝਾਕਦਿਆਂ ਧੀਮੀ ਸੁਰ ਵਿੱਚ ਸਿਰ ਮਾਰ ਕੇ ਕਿਹਾ--ਨੋ, ਸ਼ੀ ਇਜ਼ ਸਿੰਕਿੰਗ। ਉਸ ਵੇਲੇ ਸਾਨੂੰ ਹੱਥੋਂ ਤਿਲਕਦੇ ਰਿਸ਼ਤੇ ਦਾਡਰ ਸਤਾ ਰਿਹਾ ਸੀ।ਭੈਣ ਜੀ ਵੱਲ ਵੇਖਦੀਆਂ ਅਸੀਂ ਦੋਵੇਂ ਰੋ ਰਹੀਆਂ ਸਾਂ।ਡਾਕਟਰ ਤੇਜ਼ੀ ਨਾਲ ਕਦਮ ਪੁਟਦਾ ਕਮਰਿਓਂ ਬਾਹਰ ਜਾ ਚੁੱਕਾ ਸੀ ਜਦਗਿੱਲ ਭੈਣ ਜੀ ਨੇ ਅੱਖਾਂ ਖੋਲ੍ਹੀਆਂ। ਥੋੜਾ ਸੁਰਤ ਵਿੱਚ ਆ ਕੇ ਸਾਨੂੰ ਪੁੱਛਿਆ,'ਕੀ ਹੋਇਆ, ਕਿਉਂ ਰੋ ਪਈਆਂ'? ਅਸੀਂ ਡਾਕਟਰ ਦੀ ਕਹੀ ਹੋਈ ਫ਼ਿਕਰਵਾਲੀ ਗੱਲ ਦੱਸੀ ਤਾਂ ਗਿੱਲ ਭੈਣ ਜੀ ਨੇ ਬੜੀ ਬੇਪਰਵਾਹੀ ਨਾਲ ਕਿਹਾ-**ਲੈ ਹੁਣ ਨੀ ਕੁਛ ਹੁੰਦਾ ਮੈਨੂੰ, ਉਹ ਤਾਂ ਐਵੀਂ ਭੌਂਕਦੈ।** ਇਹ ਆਖਦਿਆਂ ਉਹ ਹੋਰ ਵੀ ਸੁਚੇਤ ਹੋ ਰਹੇ ਸਨ। ਮੈਂ ਹਾਸੇ ਰੁਖ ਗੱਲ ਟਾਲਦਿਆਂ ਕਿਹਾ--**ਅਸੀਂ ਵਿਹਲੀਆਂ ਖੜ੍ਹੀਆਂ ਸੀ, ਸੋਚਿਆ ਰੋਣ ਵਾਲਾ ਕੰਮ ਤਾਂ ਨਿਬੇੜ ਈ ਲਈਏ।**

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਦੁੱਧ ਤਾਂ ਅੱਜ ਕੱਲ੍ਹ ਪਿੰਡਾਂ ਚ ਨਹੀ ਪੂਰਾ ਹੋ ਰਿਹਾ ਸ਼ਹਿਰਾਂ ਦਾ ਢਿੱਡ ਕਿਵੇਂ ਭਰੂ



(ਕੁਲਜਿੰਦਰ ਢਿਲੋਂ)



ਅਖਬਾਰ ਚ ਪੜਿਆ ਕੇ ਰੋਜਾਨਾ ਔਸਤ ਢਾਈ ਹਜ਼ਾਰ ਲੋਕ ਖੇਤੀ ਛੱਡ ਰਹੇ ਨੇ,,ਪਰ ਗਿਣਤੀ ਇਸਤੋਂ ਜਿਆਦਾ ਹੋਵੇਗੀ ਕਈ ਪੂਰੇ ਪਰਿਵਾਰ ਤੇ ਕਈਆਂ ਚੋ ਇੱਕ ਦੋ ਮੈਂਬਰ ਰੋਜਾਨਾ ਪਿੰਡ ਛੱਡ ਰਹੇ ਹਨ,,ਜੇ ਇਸ ਅੰਕੜੇ ਨੂੰ ਵੀ ਸਹੀ ਮਨ ਲਿਆ ਜਾਵੇਤਾਂ ਵੀ ਸਾਲਾਨਾ 9 ਲੱਖ ਲੋਕ ਖੇਤੀ ਛੱਡ ਰਹੇ ਨੇ,,ਸ਼ਾਇਦ ਹੀ ਕੋਈ ਹੋਰ ਕਾਰੋਬਾਰ ਹੋਵੇ ਜਿਸਨੂੰ ਏਨੀ ਵੱਡੀ ਗਿਣਤੀ ਚਲੋਕਾਂ ਛੱਡਿਆ ਹੋਵੇ,,ਇਸਦਾ ਕਾਰਨ ਏਹੋ ਹੈ ਖੇਤੀ ਦਾ ਲਾਹੇਵੰਦ ਨਾ ਹੋਣਾ,,ਖੇਤੀ ਚ ਹੁਣ ਬਸ ?ਹੋ ਕਾਮਯਾਬ ਹੈ ਜਿਸ ਕੋਲ ਜਿਆਦਾ ਜਮੀਨ ਹੈ ਜਾਂ ਖੇਤੀ ਦੇ ਨਾਲ ਕੋਈ ਹੋਰ ਕਾਰੋਬਾਰ ਹੈ ਜਾਂ ਨਾਲ ਕੋਈ ਸਰਕਾਰੀ ਨੌਕਰੀ ਹੈ,,ਕਿਸਾਨ ਕਰਜ਼ਾਈ ਹਨ, ਤੇ ਕਰਜੇ ਦਾ ਕਾਰਨ ਸਿਰਫ ਫਜੂਲ ਖਰਚੀ ਹੀ ਨਹੀ ਹੁੰਦਾ ਜੋ ਬਹੁਤ ਬੁਧੁਜੀਵੀ ਤੇ ਅਖੌਤੀ ਵਿਦਵਾਨ ਸਮਝਦੇ ਹਨ,ਇਸ ਤੋਂ ਇਲਾਵਾ ਇੱਕ ਏਹੋ ਹੀ ਕਾਰੋਬਾਰ ਹੈ ਜਿਸ ਵਿੱਚ ਉਤਪਾਦਕ ਆਪਣੇ ਉਤਪਾਦ ਦਾ ਆਪ ਮੁੱਲ ਨਹੀ ਲਾ ਸਕਦਾ ਏਹੋ ਜਿਹੀ ਹਨੇਰ ਗਰਦੀ ਕਦੇ ਵੇਖੀ ਹੈ ਕਿਸੇ ਹੋਰ ਕਾਰੋਬਾਰ ਵਿੱਚ ਫਸਲਾਂ ਦਾ ਬਰਬਾਦ ਹੋਣਾ, ਨਕਲੀ ਤੇ ਮਹਿੰਗੀਆਂ ਖਾਦਾਂ ਸਪਰੇਹਾਂ ਨੇ ਵੱਖ ਲੱਕ ਤੋੜ ਛੱਡਿਆ ਕਿਸਾਨਾਂ ਦਾ, ਬਹੁਤ ਕਾਰਨਨੇ,,ਪਰ ਗੈਰ ਕਿਸਾਨਾ ਦੇ ਹਲਕ ਚ ਏਹ ਗੱਲਾਂ ਨਹੀ ਉਤਰਨੀਆਂ ਬੇਸ਼ਕ ਹਜ਼ਾਰ ਦਲੀਲਾਂ ਦੇ ਲਵਾਂ, ਏਹਨਾ ਦਾ ਇੱਕ ਹੀ ਜਵਾਬ ਹੋਵੇਗਾ ਕੇ ਫੇਰ ਕੋਈ ਹੋਰ ਕਾਰੋਬਾਰ ਕਰ ਲੈਣ, ਤਾਂ ਸੁਣ ਲੈ ਕੱਨ ਖੋਹਲ ਕੇ ਛੋਟੇ ਕਿਸਾਨ ਮਰ ਰਹੇ ਹਨ ਆ ਦੇ ਕੁੱਝ ਸਾਲਾਂ ਚ ਸਿਰਫ ਧਨੀ ਕਿਸਾਨ ਹੀ ਟਿਕਣਗੇ ਤੇ ਵੱਡੇ ਕਾਰੋਬਾਰੀਆਂ ਵਾਂਗ ਉਹਨਾ ਦਾ ਸਰਕਾਰਾਂ ਚ ਵੀ ਹਿੱਸਾ ਹੋਊ ਫੇਰ ਫਸਲ ਵੀ ਤੇ ਰੇਟ ਵੀ ਉਹਨਾ ਦੀ ਮਰਜੀ ਦੇ ਹੋਣਗੇ, ਦੁੱਧ ਦੀ ਮਿਸਾਲ ਤੁਹਾਡੇ ਸਾਹਮਣੇ ਹੈ, ਰੋਜ ਜਹਿਰੀਲਾ ਤੇ ਨਕਲੀ ਦੁੱਧ ਪੀ ਰਹੇ ਹੋ, ਕਿਉਕਿ ਏਹ ਧੰਦਾ ਵੀ ਸਿਰਫ ਵੱਡੇਡੇਅਰੀ ਫਾਰਮਰਾਂ ਲਈ ਲਾਹੇਵੰਦਾ ਹੈ,ਤੇ ਉਹਨਾ ਦਾ ਦੁੱਧ ਆਮ ਘਰਾਂ ਚ ਜਾਣ ਦੀ ਬਜਾਏ ਵੱਡੀਆਂ ਫੈਕਟਰੀਆਂ ਨੈਸਲੇ ਵੇਰਕਾਕੋਲ ਜਾ ਰਿਹਾ ਤੇ ਤੁਹਾਨੂੰ ਮਿਲ ਰਹੀ ਹੈ ਰਹਿੰਦ ਖੂਹੰਦ,, ਦੁੱਧ ਤਾਂ ਅੱਜ ਕੱਲ੍ਹ ਪਿੰਡਾਂ ਚ ਨਹੀ ਪੂਰਾ ਹੋ ਰਿਹਾ ਸ਼ਹਿਰਾਂ ਦਾ ਢਿੱਡ ਕਿਵੇਂ ਭਰੂ, ਮੇਰੇ ਵਰਗੇ ਬਹੁਤ ਕਿਸਾਨ ਨੇ ਜਿਨਾ ਨੇ ਡੰਗਰ ਰੱਖਣੇ ਛੱਡੇ ਹੋਏ ਹਨ ਤੇ ਅੱਜ ਤੋਂਵੀਹ ਸਾਲ ਪਹਿਲਾਂ ਜਿਨਾ ਕੋਲ 10 ਡੰਗਰ ਸੀ ਉਹਨਾ ਕੋਲ ਹੁਣ ਬਸ ਦੋ ਤਿਨ ਡੰਗਰ ਹੀ ਨੇ, ਦੁੱਧ ਦੀ ਪੈਦਾਵਾਰ ਘਟੀ ਪਰ ਅਬਾਦੀ ਵਧੀ ਦੁੱਧ ਕਿਵੇਂ ਪੂਰਾ ਆ ਸਕਦਾ ਹੈ??

ਏਹੋ ਹਾਲ ਛੋਟੇ ਕਿਸਾਨ ਦੇ ਖਤਮ ਹੋਣ ਨਾਲ ਹੋਵੇਗਾ,,ਫੇਰ ਖਾਇ ਚਾਇਨਾ ਦੇ ਬਣੇ ਨਕਲੀ ਚੌਲ ਬੰਦ ਗੋਭੀ ਤੇ ਨਕਲੀਮੀਟ,,ਕਿ? ਕੇ ਕਿਸਾਨਾ ਦੇ ਹੱਕ ਚ ਤਾਂ ਤੁਸੀ ਖੜਨਾ ਨਹੀ,,ਹਾਅ ਦਾ ਨਾਹਰਾ ਮਾਰਨਾ ਨਹੀ,,ਹਾਏ ਹਾਏ ਕਰਨ ਲਈ ਤਿਆਰਰਹੋ,,ਡਾਕਟਰਾਂ ਦਵਾਈਆਂ ਨੀਮ ਹਕੀਮਾ ਦੇ ਚੰਗੇ ਦਿਨ ਜਰੂਰ ਆ?ਣ ਦੀ ਆਸ ਹੈ,,ਪਰ ਤੁਹਾਡੇ ਨਹੀ,ਆਹ ਮੇਰੇ ਬੇਟਿਆਂ ਦੀ ਫੋਟੋ ਹੈ ਮੂਲੀਆਂ ਬੀਜਣੀਆਂ,,ਪਾਲਣੀਆਂ ਪੁਟ ਕੇ ਬਰਫ ਵਰਗੇ ਠੰਡੇ ਪਾਣੀ ਚ ਧੋਣ ਵੇਲੇ ਹੱਥਪੈਰ ਸੁਨ ਹੋ ਜਾਂਦੇ ਸਨ,,ਫੇਰ ਬਨਣੀਆਂ ਤੜਕੇ ਚਾਰ ਵਜੇ ਮੰਡੀ ਲੈ ਕੇ ਜਾਣੀਆਂ ਤੇ ਰੇਟ ਮਿਲਦਾ ਸੀ ਇੱਕ ਰੁਪਏ ਤੋਂ ਲੈਕੇ ਤਿੰਨ ਰੁਪਏ ਵੱਧ ਤੋਂ ਵੱਧ,,ਏਹੋ ਹਾਲ ਇਸ ਵਾਰ ਗਾਜਰਾਂ ਦਾ ਹੋਇਆ,,ਕਦੀ ਆਲੂਆਂ ਦਾ ਹੋ ਜਾਂਦਾ,,ਖਪਤਕਾਰ ਵੀ ? ਨੇਹੀ ਨੇ ਤੇ ਉਤਪਾਦਨ ਵੀ ਬਰਾਬਰ ਹੈ ਫਿਰ ਕਿ ਏਨੇ ਘਟ ਰੇਟ? ਮੈ ਏਹ ਕੰਮ ਛੱਡ ਚੁੱਕਾਂ ਹਾਂ ਕਿ? ਕੇ ਮੇਰੇ ਕੋਲ ਖਾਣ ਜੋਗੀ ਰੋਟੀ ਹੈ,ਤੇ ਮੇਰੇ ਵਰਗੇ ਬਹੁਤ ਸਾਰੇ ਏਹ ਕੰਮਛੱਡ ਰਹੇ ਨੇ,,,( ਮਾਝੇ ਆਲੇ ਭਾਊ ਕੁਲਜਿੰਦਰ ਢਿੱਲੋਂ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ। ਵਟਸਐਪ: 001 204 998 5221 ***175***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ । ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ। ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 1585 ਜਾਂ 403 285 5195 ***175***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

### ਲੜਕੀ ਦੀ ਲੋੜ
Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੌਪਟ ਕਰ ਸਕਦਾ ਹੋਵੇ । ਤਲਾਕ ਸੁਦਾ ਲੜਕੇ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ । ਸੰਪਰਕ: 403 402 9508 ***175***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ । ਸੰਪਰਕ: 587 891 3187 *** 174***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ । ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ ।(Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ: : 587 429 7878 , ਇੰਡੀਆ : 9815093010 *** 174***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ। ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ। ਮਾਲਵਾ ਇਲਾਕੇ ਨੂੰ ਪਹਿਲ। ਕਾਲ: 587 966 4139 ਜਾਂ 403 918 2416 ***174***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ । ਸੰਪਰਕ: 204 999 9481 ਜਾਂ 204 998 7241 *** 174***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ। ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

### ਲੜਕੇ ਦੀ ਲੋੜ
ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ । ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ । ਸੰਪਰਕ: 431 335 3127 ***173***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਉਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ : 403 926 3620 **172**

### ਲੜਕੀ ਦੀ ਲੋੜ
ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 825 712 3370 ਜਾਂ 587 349 0901 ***172***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ । ਸੰਪਰਕ: 403 615 0583 **190**

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਇੰਗਲੈਂਡ ਵਿੱਚ ਬਿਨਾ ਪੇਪਰਾਂ ਤੋਂ ਰਹਿ ਰਹੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਧਰਮ ਜਾਂ ਜਾਤਪਾਤ ਦੀ ਕੋਈ ਬੰਦਿਸ ਨਹੀਂ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 306 409 0086 **171**

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਚੰਗੀ ਜਮੀਨ ਜਾਇਦਾਦ ਦੇ ਮਾਲਕ, ਵਰਕ ਪਰਮਿਟ ਉੱਪਰ ਕਨੇਡਾ ਆਏ ਗੁਰਸਿੱਖ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕਨੇਡੀਅਨ ਪੀ ਆਰ, ਹਾਣ ਪਰਵਾਣ ਦੇ ਰਿਸਤੇ ਦੀ ਲੋੜ ਹੈ । ਤਲਾਕ ਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦੇ ਮਾਤਾ ਪਿਤਾ ਇਸ ਦੁਨੀਆ ਵਿੱਚ ਨਹੀਂ ਰਹੇ, ਇਸ ਲਈ ਉਹ ਆਪਣੀ ਭੈਣ ਕੋਲ ਹੀ ਰਹਿੰਦਾ ਹੈ। ਸੰਪਰਕ: 587 439 1671,587 439 1691 ਜਾਂ 403 466 8975 **171**

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀਆਰ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਸੈਟਲ ਹੈ ਜੋ ਕਿ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ। ਸਟੱਡੀ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ 403 606 8069 ਜਾਂ 88729 30058 **171**

### ਲੜਕੀ ਦੀ ਲੋੜ
ਜੱਟ ਸਿੱਖ ਗਿੱਲ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 28 ਸਾਲ ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ BA, ELE Diploma ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟਸ ਵੀਜਾ ਜਾਂ ਜਿਸ ਲੜਕੀ ਨੇ ਇੰਡੀਆ ਵਿੱਚ ਨੈਨੀ ਦਾ ਕੋਰਸ ਕੀਤਾ ਹੋਵੇ ਭਾਂਵੇ ਉਹ ਇੰਡੀਆ ਹੀ ਰਹਿੰਦੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਮੁੰਡੇ ਦੀ ਕਜਨ ਸਿਸਟਰ ਕਨੇਡਾ ਹੈ ਅਤੇ ਉਸ ਦਾ ਆਪਣਾ ਬਿਜ਼ਨਸ ਹੈ। ਉਹ ਮੁੰਡੇ ਨੂੰ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ। ਸੰਪਰਕ: 403 404 0942 ਜਾਂ 9463110132 **171**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਦੁਆਬਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੋਵੇ। ਦੁਆਬਾ ਇਲਾਕੇ ਨੂੰ ਪਹਿਲ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091**171**

### ਲੜਕੇ ਦੀ ਲੋੜ
ਜੱਟ ਸਿੱਖ ਪਨਾਗ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਧਾਰੀ ਲੜਕੀ ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਬੀ ਸੀ ਏ , ਤਿੰਨ ਸਾਲ ਤੋਂ ਨੌਕਰੀ ਕਰ ਰਹੀ ਲਈ, ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਵੱਡੀ ਭੈਣ ਕਨੇਡਾ ਸੈਟਲਡ ਹੈ। ਸੰਪਰਕ: 1 780 909 6655 **171**

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਅਣਮੈਰਿਡ ਐਸ ਸੀ ਪਰਿਵਾਰ ਦੀ ਚੰਗੀ ਪੜੀ ਲਿਖੀ ਲੜਕੀ ,ਉਮਰ 38 ਸਾਲ , ਕੱਦ 5 ਫੁੱਟ 3 ਇੰਚ , ਚੰਗੀ ਨੌਕਰੀ ਕਰਦੀ ਲੜਕੀ ਲਈ ਰਿਸਤਾ ਚਾਹੀਦਾ ਹੈ । ਵਿਜਟਿਰ ,ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕੋਈ ਜਾਤੀ ਬੰਧਨ ਨਹੀਂ। ਸੰਪਰਕ: 1 204 295 0178 **171**

### ਲੜਕੇ ਦੀ ਲੋੜ
ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ। ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ। ਸੰਪਰਕ: 587 968 5620 **172**

### ਲੜਕੀ ਦੀ ਲੋੜ
"ਕਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿ ਰਹੇ ਜੱਟ ਸਿੱਖ ਔਲਖ ਪਰਿਵਾਰ ਦੇ ਸੋਹਣੇ ਸੁਨੱਖੇ ਮਿਹਨਤੀ ਕਮਾਊ ਲੜਕੇ ਉਮਰ 32 ਸਾਲ , ਕੱਦ 5 ਫੁੱਟ 11 ਇੰਚ, ਆਈ ਟੀ ਆਈ ਤੋਂ ਇਲੈਕਟਰੀਸ਼ਨ ਦੇ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 464 7626 **170**

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਇੰਡੀਆ ਦੀ ਜੰਮਪਲ,ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਉਮਰ 36 ਸਾਲ, ਕੱਦ 5 ਫੁੱਟ 6 ਇੰਚ, ਬਿਲਕੁੱਲ ਵੈਸ਼ਨੂੰ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਨਸ਼ਾ ਰਹਿਤ ਲੜਕੇ ਦੇ ਰਿਸਤੇ ਦੀ ਲੋੜ ਹੈ। ਕ੍ਰਿਪਾ ਕਰਕੇ ਵਰਕ ਪਰਮਿਟ ਵਾਲੇ,ਵਿਜਟਰ ਜਾਂ ਸਟੂਡੈਂਟ ਫੋਨ ਨਾ ਕਰਨ। ਕਾਲ: 587 500 3744 **170**

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ: 5 ਫੁੱਟ 3 ਇੰਚ,ਵਿਦਿਅਕ ਯੋਗਤਾ: ਮੈਡੀਕਲ ਆਫ ਆਫਿਸ ਅਸਿਸਟੈਂਟ ਡਿਪਲੋਮਾ, ਸਰਟੀਫਾਈਡ ਮੇਕਅੱਪ ਆਰਟਿਸਟ, ਸਰਟੀਫਾਈਡ ਵੈਲਡਿੰਗ ਇੰਸਪੈਕਟਰ , 2 ਸਾਲ ਆਰਟ ਐਂਡ ਸਾਇੰਸ ਐਜੂਕੇਸਨ ਇਨ ਯੂਨੀਵਰਸਿਟੀ ਆਫ ਸੈਸਕਾਟੂਨ, ਅਤੇ ਹੁਣ ਮੌਜੂਦਾ ਸਮੇ ਮੈਡੀਕਲ ਆਫਿਸ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਐਜੂਕੇਸਨ ਨੌਵੀ ਕਲਾਸ ਤੱਕ ਪੰਜਾਬ ਦੀ ਹੈ ਅਤੇ ਪੰਜਾਬੀ ਸੱਭਿਆਚਾਰ ਦੇ ਰੀਤੀ ਰਿਵਾਜਾਂ ਤੋਂ ਪੂਰੀ ਤਰਾਂ ਜਾਣੂ ਹੈ। ਲੜਕਾ ਕਨੇਡਾ ਤੋਂ ਹੀ ਹੋਵੇ। ਕਾਲ: 1 306 307 6789 **169**

### ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***169***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ–403 640 2000**
**ਐਡਮਿੰਟਨ–780 599 2000 ਸੈਸਕਾਟੂਨ 639 999 1000**
**ਰੀਜਾਇਨਾ– 639 999 1000, ਵਿਨੀਪੈਗ– 431 733 3000**

### ਲੜਕੀ ਦੀ ਲੋੜ
ਟਾਂਕ ਕਸੱਤਰੀ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ : ਮਕੈਨੀਕਲ ਇੰਜੀਨੀਅਰਿੰਗ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੇ ਰਿਸਤੇਦਾਰ ਕਨੇਡਾ ਵਿੱਚ ਸੈਟਲਡ ਹਨ ਅਤੇ ਲੜਕਾ ਕੰਪਿਊਟਿਰ ਟਰੇਨਰ ਦੀ ਜੌਬ ਕਰ ਰਿਹਾ ਹੈ । ਕਾਲ: 1 416 509 6200 ***169***

### ਲੜਕੇ ਦੀ ਲੋੜ
ਮਜ਼ਬੀ ਸਿੱਖ ਧਾਲੀਵਾਲ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 22 ਸਾਲ ,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : ਬੈਚੂਲਰ ਆਫ ਟੈਕਨੋਲਜੀ ਕੰਪਿਊਟਰ ਸਾਇੰਸ ਦੀ ਡਿਗਰੀ ਹੋਲਡਰ ਲਈ ਕਨੇਡੀਅਨ ਪੀਅਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਸੰਪਰਕ: 1 416 509 6200 ***169***

### ਲੜਕੀ ਦੀ ਲੋੜ
Jatt sikh family seek an appropriate match for their 29 year old 6 ft. son. He is a Lead Professional Engineer (P.Eng) and has been working with a reputed organization for 6 years within Canada. Girl should be well educated and qualified professionally from Canadian university. +1 403 828 7973 or acheema8811@gmail.com ***169***

### ਜੀਵਨ ਸਾਥੀ ਦੀ ਲੋੜ
"ਕੈਲਗਰੀ ਵਾਸੀ 37 ਸਾਲਾ ਵਿਧਵਾ ਹੋਈ ਸੁਨਿਆਰਾ ਖਾਨਦਾਨ ਦੇ ਪਰਿਵਾਰ ਨਾਲ ਸਬੰਧਿਤ ਲੜਕੀ ਕੱਦ 5 ਫੁੱਟ 6 ਇੰਚ ਲਈ ਹਾਣ ਪਰਵਾਣ ਦੀ ਉਮਰ ਦੇ ਜੀਵਨ ਸਾਥੀ ਦੀ ਲੋੜ ਹੈ। ਦੋ ਬੇਟੇ ਜਿਹਨਾ ਦੀ ਉਮਰ 12 ਅਤੇ 14 ਸਾਲ ਹੈ ਉਹ ਵੀ ਮਾਂ ਦੇ ਨਾਲ ਹੀ ਰਹਿੰਦੇ ਹਨ। ਡਿਵੋਰਸ ਕੇਸ ਵਾਲੇ ਜਾਂ ਜੱਟ ਪਰਿਵਾਰ ਨਾਲ ਸਬੰਧਿਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 403 397 6413 **172**

## Hiring !
Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

## Name Change
I, **KAWALPREET KAUR** mother/ of **GURNEET KAUR** holder of Indian Passport # **M7997956**, issued at **JALANDHAR**, permanent resident of **H NO. 961 NAVROOP NAGAR ,TEH: BATALA ,GURDASPUR , PIN: 143505 (PUNJAB) INDIA** and presently residing at **163 CORAL SPRINGS CIR NE Calgary (AB) T3J3P6 Canada** do hereby change her name from **GURNEET KAUR** to **GURNEET KAUR CHEEMA**, with immediate effect.
Contact: 778- 344-3774 Date: 23 APRIL 2021

## Name Change
I, **Paramvir Singh** Son of Late **S. Harjinder Singh,** holder of Indian **Passport # L9372801**, issued at Chandigarh, permanent resident of **House No H-486 Phase 1, Mohali, SAS Nagar, PIN: 160055, Punjab, INDIA** and presently residing at **127 Sandalwood Pl, NW, Calgary, T3K4B5, Alberta, Canada** do hereby change my name from **Paramvir Singh toParamvir Singh Dadwal**, with immediate effect.
Contact: 587 834 2900 Date: 8 April 2021.

## Name Change
I, **HARMEET SINGH** son/ of **SALVINDER SINGH** holder of Indian Passport # **N6895773**, issued at **VANCOUVER**, permanent resident of **H NO. 961 NAVROOP NAGAR ,TEH: BATALA ,GURDASPUR , PIN: 143505 (PUNJAB) INDIA**and presently residing at **163 CORAL SPRINGS CIR NE Calgary (AB) T3J3P6 Canada** do hereby change my name from **HARMEET SINGH** to **HARMEET SINGH CHEEMA** , with immediate effect.
Contact: 778- 344-3774Date: 23 APRIL 2021

## Name Change
I, **Gurpreet Kaur** Wife of **S. Paramvir Singh Dadwal**, holder of Indian **Passport # R3243263**, issued at Chandigarh, permanent resident of **House No H-486 Phase 1, Mohali, SAS Nagar, PIN: 160055, Punjab, INDIA** and presently residing at **127 Sandalwood Pl, NW, Calgary, T3K4B5, Alberta, Canada** do hereby change my name from **Gurpreet Kaur to Gurpreet Kaur Dadwal**, with immediate effect.
Contact: 587 8342900 Date: 8 April 2021.

## Name Change
I, **Paramvir Singh** father of **Jaskirat Singh** holder of Indian **Passport # R3804301**, issued at issued at Chandigarh, permanent resident of **House No H-486 Phase 1, Mohali, SAS Nagar, PIN: 160055, Punjab, INDIA** and presently residing at **127 Sandalwood Pl, NW, Calgary, T3K4B5, Alberta, Canada** do hereby change the name of my son from**Jaskirat Singh to Jaskirat Singh Dadwal**, with immediate effect.
Contact: 587 834 2900 Date: 8 April 2021

## Name Change
I, **Harleen Kaur** daughter of **S. Paramvir Singh** Dadwal, holder of Indian **Passport # V5937454**, issued at Vancouver, permanent resident of **House No H-486 Phase 1, Mohali, SAS Nagar, PIN: 160055, Punjab, INDIA** and presently residing at **127 Sandalwood Pl, NW, Calgary, T3K4B5, Alberta, Canada** do hereby change my name from **Harleen Kaur to Harleen Kaur Dadwal**, with immediate effect.
Contact: 587 834 2900 Date: 8 April 2021.

## Name Change
I, **KAWALPREET KAUR** daughter/ of **CHARAN SINGH** holder of Indian Passport # **M8056585**, issued at **JALANDHAR**, permanent resident of **H NO. 961 NAVROOP NAGAR ,TEH: BATALA ,GURDASPUR , PIN: 143505 (PUNJAB) INDIA** and presently residing at **163 CORAL SPRINGS CIR NE Calgary (AB) T3J3P6 Canada** do hereby change my name from **KAWALPREET KAUR** to **KAWALPREET KAUR CHEEMA**, with immediate effect.
Contact: 778- 344-3774 Date: 23 APRIL 2021

## Tractor Trucks for Lease
Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT


**KulbirShergill Fresh Freight Ltd**
**Phone or Text- 403-510-0070**
**Email: info@freshfreight.ca**

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682


## ਸੰਤ ਰਾਮ ਉਦਾਸੀ ਦੇ ਜਨਮ ਦਿਵਸ ’ਤੇ

# ਮੇਰੀ ਮੌਤ ’ਤੇ ਨਾ ਰੋਇਓ



ਪ੍ਰਿੰ. ਸਰਵਣ ਸਿੰਘ

ਸੰਤ ਰਾਮ ਉਦਾਸੀ 20 ਅਪ੍ਰੈਲ 1939 ਨੂੰ ਜਿਲ੍ਹਾ ਬਰਨਾਲਾ ਦੇ ਪਿੰਡ ਰਾਇਸਰ, ਕੰਮੀਆਂ ਦੇ ਵਿਹੜੇ ਜੰਮਿਆ ਸੀ। ਉਹਦੇ ਪਿਤਾ ਮੇਹਰ ਸਿੰਘ ਨੇ ਸੀਰ ਕੀਤੇ, ਭੇਡਾਂ ਚਾਰੀਆਂ ਤੇ ਵਟਾਈ ’ਤੇ ਖੇਤੀ ਕੀਤੀ। ਉਹਦੀ ਮਾਤਾ ਧੰਨ ਕੌਰ ਨੇ ਚੱਕੀਆਂ ਪੀਹਣ ਤੋਂ ਲੈ ਕੇ ਜਿੰਮੀਦਾਰਾਂ ਦਾ ਗੋਹਾ ਕੂੜਾ ਕੀਤਾ। ਉਦਾਸੀ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਸਰੋਦੀ ਆਵਾਜ ਆਪਣੇ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਪੜਦਾਦਾ ਮਹਿਫਲਾਂ ਦਾ ਸ਼ਿ?ਗਾਰ ਸੀ। ਮਹਿਫਲੀਏ ਉਸ ਨੂੰ ਭਾਈਕੇ ਦਿਆਲਪੁਰੇ ਤੋਂ ਰਾਇਸਰ ਲੈ ਆਏ।

ਉਦਾਸੀ ਹੋਰੀਂ ਪੰਜ ਭਰਾ ਸਨ, ਗੁਰਦਾਸ ਸਿੰਘ, ਹਰਦਾਸ ਸਿੰਘ ਭੂਰਾ, ਪ੍ਰਕਾਸ ਸਿੰਘ, ਸੰਤ ਰਾਮ ਉਦਾਸੀ ਤੇ ਗੁਰਦੇਵ ਸਿੰਘ ਕੋਇਲ। ਤਿੰਨ ਭੈਣਾਂ ਸਨ, ਸੱਤਿਆ, ਹਰਬੰਸ ਕੌਰ ਤੇ ਸੁਖਦੇਵ ਕੌਰ। ਭੈਣਾਂ ਦੇ ਨਿੱਕੇ ਨਾਂ ਸਨ ਕਾਕੀ, ਘੁੱਕੋ ਤੇ ਨਿੱਕੀ।

ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜਾਰਾਂ ਦੇ ’ਕੱਠਾਂ ਵਿਚ ਉੱਚੀ ਹੇਕ ਨਾਲ ਗਾਉਣਾ ਸੀ:

**ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ, ਬੜੇ ਹੀ ਅਸੀਂ ਦੁਖੜੇ ਜਰੇ**
**ਆਖਣਾ ਸਮੇਂ ਦੀ ਸਰਕਾਰ ਨੂੰ, ਉਹ ਗਹਿਣੇ ਸਾਡਾ ਦੇਸ ਨਾ ਧਰੇ...**
**ਦੇਸ ਹੈ ਪਿਆਰਾ ਸਾਨੂੰ ਜਿੰਦਗੀ ਪਿਆਰੀ ਨਾਲੋਂ**
**ਦੇਸ ਤੋਂ ਪਿਆਰੇ ਇਹਦੇ ਲੋਕ ਹਾਣੀਆਂ**
**ਅਸੀਂ ਤੋੜ ਦੇਣੀ, ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...**
**ਗੱਜਣਗੇ ਸੇਰ ਜਦੋਂ, ਭੱਜਣਗੇ ਕਾਇਰ ਸੱਭੇ**
**ਰੱਜਣਗੇ ਕਿਰਤੀ ਕਿਸਾਨ ਮੁੜ ਕੇ**
**ਜਰਾ ਹੱਲਾ ਮਾਰੋ, ਜਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ...**
**ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਨੂੰ**
**ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ**
ਰੋਟੀ ਬੱਚਿਆਂ ਦੇ, ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ...

ਉਹ ਲੋਕ-ਕਾਵਿ ਦਾ ਮਘਦਾ ਸੂਰਜ ਸੀ ਜੋ ਸਿਖਰ ਦੁਪਹਿਰੇ ਛਿਪ ਗਿਆ। ਕਵਿਤਾਵਾਂ ਲਿਖਦਾ ਤੇ ਗਾਉਂਦਾ ਕੇਵਲ 47 ਸਾਲ ਦੀ ਉਮਰੇ ਚਲਾਣਾ ਕਰ ਗਿਆ। ਉਹਦੀ ਕਾਵਿ-ਬੁਲੰਦੀ ਦਾ ਅੰਦਾਜਾ ‘ਕੰਮੀਆਂ ਦੇ ਵਿਹੜੇ’ ਵਾਲੇ ਇਸ ਗੀਤ ਤੋਂ ਲਾਇਆ ਜਾ ਸਕਦੈ:

**ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**
**ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ**
**ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ**
**ਜਿਥੇ ਵਾਲ ਤਰਸਦੇ ਕੰਘੀਆਂ ਨੂੰ**
**ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ**
**ਤੂੰ ਮਘਦਾ ਰਹੀਂ ਵੇ ਸੂਰਜਾ...**

ਜਦੋਂ ਉਹ ਰੋਹ ਨਾਲ ਗਾਉਂਦਾ ਤਾਂ ਉਹਦੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਆਪਣਾ ਖੱਬਾ ਹੱਥ ਕੰਨ ’ਤੇ ਧਰ, ਸੱਜੀ ਬਾਂਹ ਆਕਾਸ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ-ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜਦੀ ਲਲਕਾਰ ਨਾਲ ਚਾਰਚੁਫੇਰਾ ਲਰਜ ਉੱਠਦਾ। ਉਹਦੀ ਬਾਗੀ ਸੁਰ ਹਜਾਰਾਂ ਸਰੋਤਿਆਂ ਨੂੰ ਝੰਜੋੜ ਦਿੰਦੀ। ਉਨ੍ਹਾਂ ਦੇ ਦਿਲਾਂ ਦਿਮਾਗਾਂ ’ਤੇ ਜੰਮਿਆ ਜੰਗਾਲ ਉੱਤਰ ਜਾਂਦਾ। ਉਹ ਹਿੱਕ ਦੇ ਤਾਣ ਨਾਲ ਗਾਉਂਦਾ:

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ, ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ
ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ, ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ
ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ, ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ, ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ...

ਉਹ ਵਿਦੇਸ ਗਿਆ ਤਾਂ ‘ਵਿਦੇਸੀ ਹਵਾਵਾਂ ਦੇ ਨਾਂ’ ਗੀਤ ਗਾਇਆ ਜੀਹਨੂੰ ਸੁਣ ਕੇ ਪਰਵਾਸੀਆਂ ਦੇ ਹੰਝੂ ਵਹਿ ਤੁਰੇ:

**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ**
**ਕਰੇ ਜੋਦੜੀ ਨੀ ਇਕ ਦਰਵੇਸ**
**ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ**
**ਮਿਲੂ ਕਿਹੜੀਆਂ ਵਲੈਤਾਂ ’ਚੋਂ ਉਧਾਰ ਨੀ**
**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ...**
**ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ**
**ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ**
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ
ਕਰੇ ਜੋਦੜੀ ਨੀ ਇਕ ਦਰਵੇਸ...

ਉਦਾਸੀ ਦੇ ਪਿੰਡ ਰਾਇਸਰ ਤੋਂ ਮੇਰਾ ਪਿੰਡ ਚਕਰ ਥੋੜ੍ਹੀ ਹੀ ਦੂਰ ਹੈ। ਉਮਰ ਪੱਖੋਂ ਅਸੀਂ ਹਾਣੀ ਸਾਂ। ਜਦੋਂ ਉਹ ਚਕਰ ਆਉਂਦਾ ਤਾਂ ਉਹਦੇ ਗੀਤ ਸੁਣਨ ਦਾ ਮੌਕਾ ਮਿਲ ਜਾਂਦਾ। ਕਦੇ ਕਦੇ ਉਹ ਢੁੱਡੀਕੇ ਵੀ ਫੇਰੀ ਪਾਉਂਦਾ ਜਿਥੇ ਮੈਂ ਪੜ੍ਹਾਉਂਦਾ ਸਾਂ। ਉਨ੍ਹੀਂ ਦਿਨੀਂ ਕਾਲਜਾਂ ਵਿਚ ਉਦਾਸੀ-ਉਦਾਸੀ ਹੁੰਦੀ। ਉਹ ਜਮਾਤੀ ਦੁਸਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ। ਕਵੀ ਦਰਬਾਰਾਂ ਵਿਚ ਸਿਵ ਕੁਮਾਰ ਦੀ ਆਪਣੀ ਥਾਂ ਸੀ। ਉਦਾਸੀ ਨੇ ਵਿਦਿਆਰਥੀ ਰੈਲੀਆਂ ਵਿਚ ਆਪਣੀ ਥਾਂ ਬਣਾ ਲਈ। ਸਿਵ ਕੁਮਾਰ ਪਿਆਰ ਮੁਹੱਬਤ, ਬਿਰਹਾ ਵਿਜੋਗ ਤੇ ਮੌਤ ਦੇ ਨਗਮੇ ਗਾਉਂਦਾ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ। ਦੋਵੇਂ ਆਵਾਜ ਦੇ ਧਨੀ ਸਨ ਜੋ ਬਿਨਾਂ ਸਾਜਾਂ ਤੋਂ ਤਰੰਨਮ ਵਿਚ ਗਾਉਂਦੇ। ਸਿਵ ਦਰਦੀਲਾ ਸੀ, ਉਦਾਸੀ ਰੋਹੀਲਾ। ਉਦਾਸੀ ਦੇ ਤੱਤੇ ਸਰੋਤੇ ਸਿਵ ਕੁਮਾਰ ਦੀਆਂ ਪੈਰੋਡੀਆਂ ਬਣਾ ਕੇ ਉਹਦਾ ਮਜਾਕ ਉਡਾਉਂਦੇ, ਭਗੌੜਾ ਦੱਸਦੇ।

ਉਦਾਸੀ ਨਾਲ ਜੱਗੋ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਣਾਈਆਂ ਨਜਮਾਂ ਲਿਖਣ ਤੇ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਂ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੀ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ. ਐੱਸ. ਪੀ. ਅੱਗੇ ਅਰਜ ਗੁਜਾਰੀ, “ਵੇ ਵੀਰਾ ਮੈਂ ਸੰਤ ਰਾਮ ਦੀ ਮਾਂ ਹਾਂ। ਆਪਣੇ ਪੁੱਤ ਨੂੰ ਮਿਲਣ



ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।”

ਉਸ ਵੇਲੇ ਉਦਾਸੀ ਮੂਧੇ ਮੂੰਹ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉੱਠ ਨਹੀਂ ਸੀ ਸਕਦਾ। ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਭੰਨਿਆਂ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲਾ ਕਰ ਦਿੱਤਾ ਜਾਵੇ। ਮੁੜ ਕੇ ਨਾ ਉਹ ਲਿਖ ਸਕੇ ਤੇ ਨਾ ਗਾ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ ਕੇ ਖੋਪੜੀ ਰੋਡੀ ਕੀਤੀ ਪਈ ਸੀ। ਉਤੋਂ ਪੋਹ ਦੀ ਕੱਕਰਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲੀਆਂ ਵਿਚ ਖੂੰਨ ਜੰਮਿਆ ਹੋਇਆ ਸੀ। ਸਰੀਰ ਦੇ ਸਾਰੇ ਜੋੜ ਡੰਡੇ ਮਾਰ-ਮਾਰ ਸੁਜਾਏ ਪਏ ਸਨ। ਡੀ. ਐੱਸ. ਪੀ. ਨੇ ਮਾਈ ਨੂੰ ਪੁੱਛਿਆ, “ਜੇ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਕੋਈ ਇਤਰਾਜ ਤਾਂ ਨਹੀਂ?”

ਮਮਤਾ ਦੀ ਮਾਰੀ ਮਾਂ ਨੇ ਕਿਹਾ, “ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ ਕਰਨੈਂ? ਥੋਡੇ ਰਹਿਮ ਨਾਲ ਮੇਰਾ ਪੁੱਤ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਊਂਦੈ! ਪੁਲਿਸ ਨੇ ਮਾਰਿਆ ਨੀ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨੀ ਲੈ ਕੇ ਆਉਣਾ ਬੇਸਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਔਨਾਂ। ਤੂੰ ਜਾਹ ਘਰ ਨੂੰ।” ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, “ਓਏ ਉਦਾਸੀ, ਓਏ ਉਦਾਸੀ। ਉੱਠ ਓਏ, ਤੇਰੀ ਮਾਂ ਤੈਨੂੰ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉੱਠ ਨਹੀਂ ਤਾਂ ਮਰਜੂ ਓਹ ਵੀ।”

‘ਮਾਂ’ ਸਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚਜੇ। ਉਹ ਔਖਾ ਸੌਖਾ ਮਾਂ ਤਕ ਪੁੱਜਾ ਤੇ ਦੂਰ ਸੀ ਸੋਚ ਕੇ ਬੋਲਿਆ, “ਮਾਂ, ਮੈਂ ਠੀਕ ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ ’ਚ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਕੌਣ ਸਾਂਭੂਗਾ ਤੈਨੂੰ?”

ਮਾਂ ਨੇ ਪੀੜਾਂ ਪਰੁੰਨੇ ਘਾਇਲ ਪੁੱਤਰ ਨੂੰ ਬੁਕਲ ’ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, “ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨੀ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।”

ਬੱਸ ਏਨੀ ਹੀ ਹੋ ਸਕੀ ਸੀ ਮੁਲਾਕਾਤ।

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਰਕੇ ਉਹ ਗੁਰਦਵਾਰਿਆਂ ਦੀਆਂ ਸਟੇਜਾਂ ਉਤੇ ਵੀ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ’ਚ ਵੀ ਸਥਾਪਤੀ ਵਿਰੋਧੀ ਕਵਿਤਾਵਾਂ ਪੜ੍ਹਦਾ। ਅਫਸਰਾਂ ਦੀ ਉਹਨੇ ਕਦੇ ਖੁਸਾਮਦ ਨਹੀਂ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ। ‘ਦਿੱਲੀਏ ਦਿਆਲਾ ਦੇਖ’ ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ।

### ਉਦਾਸੀ ਦੀ ਅਣਿਆਈ ਮੌਤ

ਡਰੋਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਢੁੱਡੀਕੇ ਪੜ੍ਹਦਿਆਂ ਉਦਾਸੀ ਦਾ ਦੋਸਤ ਬਣ ਗਿਆ ਸੀ। ਸਮਾਂ ਪਾ ਕੇ ਉਹ ਸ੍ਰੀ ਹਜੂਰ ਸਾਹਿਬ ਤੋਂ ਨਿਕਲਦੇ ‘ਸੱਚਖੰਡ ਪੱਤਰ’ ਦਾ ਸੰਪਾਦਕ ਬਣਿਆ। ਉਹ ਉਦਾਸੀ ਦੇ ਅੰਤਲੇ ਸਮੇਂ ਦਾ ਚਸਮਦੀਦ ਗਵਾਹ ਹੈ। ਉਸ ਦਾ ਲਿਖਤੀ ਬਿਆਨ ਹੈ: ਗੱਲ 1972-73 ਦੀ ਹੈ ਜਦ ਸੰਤ ਰਾਮ ਉਦਾਸੀ ਲੋਕਾਂ ਦੇ ਦਿਲ ਦੀ ਆਵਾਜ ਬਣ ਗਿਆ ਸੀ। ਉਸ ਨੇ ਨਾਹਰਾ ਦਿੱਤਾ ਸੀ ‘ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ’। ਮੈਂ ਉਸ ਸਮੇਂ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਦਾ ਵਿਦਿਆਰਥੀ ਸਾਂ। ਉਥੇ ਮੈਂ ਵੀ ਉਹਦੇ ਰਾਹ ਪੈ ਗਿਆ। ਮੇਰੀਆਂ ਕਵਿਤਾਵਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੋਸਟਰਾਂ ਦੇ ਹੈਡਿੰਗ ਬਣਨ ਲੱਗੀਆਂ...।

24 ਨਵੰਬਰ 2019 ਨੂੰ ਸਾਡਾ ਉਹੀ ਪੁਰਾਣਾ ਵਿਦਿਆਰਥੀ ਸੰਘਾ ਮੈਨੂੰ ਮੋਗੇ ਮਿਲਿਆ। ਉਸ ਨੇ ਆਖਰੀ ਗੱਲ ਦੱਸੀ: ਅਕਤੂਬਰ 1986 ’ਚ ਉਦਾਸੀ ਮੈਨੂੰ ਬਾਘੇ ਪੁਰਾਣੇ ਸਾਹਿਤ ਸਭਾ ਦੀ ਮੀਟਿੰਗ ਵਿਚ ਮਿਲਿਆ ਸੀ। ਉਥੇ ਤੈਅ ਹੋਇਆ ਕਿ ਗੁਰਤਾ ਗੱਦੀ ਦਿਹਾੜੇ ਨੰਦੇੜ ਦੇ ਕਵੀ ਦਰਬਾਰ ਵਿਚ ਉਹ ਵੀ ਸਾਮਲ ਹੋਵੇਗਾ। 1 ਨਵੰਬਰ 1986 ਤੋਂ ਪ੍ਰੋਗਰਾਮ ਸੁਰੂ ਹੋਏ। ਅਖੀਰਲੀ ਰਾਤ 5 ਨਵੰਬਰ ਨੂੰ ਉੱਚ ਪਾਏ ਦਾ ਕਵੀ ਦਰਬਾਰ ਹੋਇਆ ਜਿਸ ਵਿਚ ਉਦਾਸੀ ਨੇ ਬਹੁਤ ਉੱਚੀ ਕਿੱਲ੍ਹ-ਕਿੱਲ੍ਹ ਕੇ ਗਾਇਆ ਤੇ ਬਾਜੀ ਲੈ ਗਿਆ। ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ ਰਾਤ ਦੇ 2:45 ਵਜੇ ਤੱਕ ’ਕੱਠੇ ਬੈਠੇ। ਉਦਾਸੀ ਮੇਰੇ ਗਲ ਲੱਗ ਕੇ ਰੋਣ ਲੱਗਾ...ਸੰਘੇ ਬਾਈ, ਮੈਂ ਜਿੰਦਗੀ ਤੋਂ ਤੰਗ ਆ ਗਿਆਂ। ਘਰ ਤੋਂ ਸੰਨਿਆਸ ਲੈਣਾ ਚਾਹੁੰਨਾਂ। ਤੂੰ ਥੋੜ੍ਹਾ ਬਹੁਤਾ ਸਾਥ ਦੇਹ। ਮੈਂ ਆਖਿਆ, ਉਦਾਸੀ ਤੂੰ ਘਬਰਾ ਨਾ। ਤੈਨੂੰ ਮੈਂ ਅੱਖਾਂ ਦੀਆਂ ਪੁਤਲੀਆਂ ’ਚ ਲੁਕੋ ਸਕਦਾਂ। ਤੂੰ ਕੁੜੀਆਂ ਮੁੰਡੇ ਵਿਆਹ ਲੈ, ਫੇਰ ਜੋ ਕਹੇਂਗਾ ਕਰਾਂਗਾ। ਉੱਦਣ ਅਸੀਂ ਬਹੁਤ ਗੱਲਾਂ ਕੀਤੀਆਂ...।

‘ਬਹੁਤ’ ਗੱਲਾਂ ਦਾ ਬਹੁਤਾ ਵੇਰਵਾ ਦੇਣਾ ਸੰਘਾ ਮੁਨਾਸਬ ਨਹੀਂ ਸਮਝਦਾ।

ਪ੍ਰੋ. ਬਲਕਾਰ ਸਿੰਘ ਤੇ ਉਦਾਸੀ ਦੀਆਂ ਟਿਕਟਾਂ ਬੁੱਕ ਸਨ। ਉਸ ਦੀ ਵਿਗੜੀ ਹਾਲਤ ਦੇਖ ਕੇ ਮੈਂ ਉਹਨੂੰ ਆਪਣੇ ਕੋਲ ਰੱਖਣ ਦਾ ਬੜਾ ਯਤਨ ਕੀਤਾ। ਪਰ ਉਸ ਨੇ ਉੱਕਾ ਨਾਂਹ ਕਰ ਦਿੱਤੀ। ਸਵੇਰੇ ਸਾਹਜਰੇ ਹੀ ਉਹ ਬਲਕਾਰ ਸਿੰਘ ਨਾਲ ਗੱਡੀ ਚੜ੍ਹ ਗਿਆ। ਗੱਡੀ ਵਿਚ ਸੁੱਤੇ ਪਏ ਦੀ ਉਹਦੀ ਮੌਤ ਹੋ ਗਈ। ਉਹਦਾ ਸਸਕਾਰ ਮਨਵਾੜ ਦੇ ਸਿਵਿਆਂ ਵਿਚ ਕੀਤਾ ਗਿਆ ਤੇ ਹਜੂਰ ਸਾਹਿਬ ਭੋਗ ਪਾਉਣ ਪਿੱਛੋਂ ਫੁੱਲ ਗੋਦਾਵਰੀ ਨਦੀ ਵਿਚ ਤਾਰੇ ਗਏ।

ਅਜਿਹੀ ਹੋਣੀ ਸੀ ਪੰਜਾਬ ਦੇ ਜਾਏ, ਲੋਕ-ਕਾਵਿ ਦੇ ਮਘਦੇ ਸੂਰਜ, ਕੰਮੀਆਂ ਕਿਰਤੀਆਂ ਦੇ ਲੋਕ ਕਵੀ ਦੀ!

ਉਦਾਸੀ ਦੇ ਇਕ ਨਿੱਜੀ ਦੋਸਤ ਦੀ ਟਿੱਪਣੀ ਕਾਬਲੇ ਗੌਰ ਹੈ: ਜਦੋਂ ਕੋਈ ਉਦਾਸੀ ਵਰਗਾ ਕਵੀ ਤੁਰ ਜਾਂਦਾ ਹੈ ਤਾਂ ਲੋਕ ਇਸ ਨੂੰ ‘ਬੇਵਕਤੀ ਮੌਤ’ ਆਖ ਕੇ ਸੋਕ ਜਾਹਰ ਕਰਦੇ ਹਨ ਪਰ ਮੌਤ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੇ। ਉਦਾਸੀ ਦੀ ਮੌਤ ਦੇ ਕਾਰਨਾਂ ਵਿਚ ਨਕਸਲੀਆਂ ਦਾ ਖਿੰਡ ਕੇ ਖੱਖੜੀਆਂ ਕਰੇਲੇ ਹੋ ਜਾਣਾ, ਉਦਾਸੀ ਦਾ ਉਦਾਸ ਹੋ ਜਾਣਾ, ਵੱਖ ਵੱਖ ਗਰੁਪਾਂ ਵੱਲੋਂ ਉਦਾਸੀ ਨੂੰ ਮਾਨਸਿਕ ਢਾਰਸ ਦੇਣ ਦੀ ਬਜਾਏ, ਕਵੀ ਦੀ ਆਪਣੇ ਧੜੇ ਵੱਲ ਖਿੱਚ ਧੂਹ ਕਰਨੀ ਤੇ ਫਿਰ ਉਹਦਾ ਬਾਈਕਾਟ ਕਰ ਦੇਣਾ, ਸਾਮਲ ਹਨ। ਉਦਾਸੀ ਵੱਲੋਂ ਜਮਾਤੀ ਦੁਸਮਣਾਂ ਅਤੇ ਜਮਾਤੀ ਦੁਸਮਣਾਂ ਵੱਲੋਂ ਉਦਾਸੀ ਦਾ ਵਿਰੋਧ ਕਰਨਾ ਤਾਂ ਬਣਦਾ ਹੀ ਸੀ। ਅਫਸੋਸ ਕਿ ਉਹਦੀ ‘ਆਪਣੀ ਜਮਾਤ’ ਦੇ ਹੀ ਸਾਥੀਆਂ ਨੇ ਉਹਦਾ ਅੰਨ੍ਹਾਂ ਵਿਰੋਧ ਕੀਤਾ ਜਿਨ੍ਹਾਂ ਨੇ ਉਸ ਨੂੰ ਮੌਤ ਦੇ ਅੰਨ੍ਹੇ ਖੂਹ ਵੱਲ ਧੱਕ ਦਿੱਤਾ!

ਕਾਸ! ਇਨਕਲਾਬ ਨੂੰ ਪਰਨਾਏ ਇਸ ਲੋਕ ਕਵੀ ਨੂੰ ਉਹਦੇ ਹੀ ਸਾਥੀ ਜੇ ਝੇਡਾਂ ਨਾ ਕਰਦੇ, ਤੋਹਮਤਾਂ ਨਾ ਲਾਉਂਦੇ, ਬਦਖੋਹੀ ਨਾ ਕਰਦੇ ਅਤੇ ‘ਲੋਕ ਕਵੀ’ ਦੀ ਥਾਂ ‘ਨੋਟ ਕਵੀ’ ਤੇ ‘ਲਹੂ ਭਿੱਜੇ ਬੋਲਾਂ’ ਵਾਲਾ ਕਵੀ ਕਹਿਣ ਦੀ ਥਾਂ ‘ਸਰਾਬ ਭਿੱਜੇ ਬੋਲਾਂ’ ਵਾਲਾ ‘ਵਿਕਿਆ ਕਵੀ’ ਨਾ ਕਹਿੰਦੇ ਤਾਂ ਸੰਭਵ ਸੀ ਉਹ ਵੱਧ ਵਰ੍ਹੇ ਜਿਉਂਦਾ ਅਤੇ ਹੋਰ ਲਿਖਦਾ ਤੇ ਗਾਉਂਦਾ। ਪੰਜਾਬੀ ਦੇ ਇਸ ਬਦਕਿਸਮਤ ਕਵੀ ਕੋਲ ਕੋਈ ਦੁਨਿਆਵੀ ਜਾਇਦਾਦ ਨਹੀਂ ਸੀ ਜਿਸ ਦੀ ਉਹ ਵਸੀਅਤ ਕਰਦਾ। ਫਿਰ ਵੀ ਉਸ ਨੇ ‘ਵਸੀਅਤ’ ਲਿਖੀ:

**ਮੇਰੀ ਮੌਤ ’ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ**
**ਮੇਰੇ ਲਹੂ ਦਾ ਕੇਸਰ ਰੇਤੇ ’ਚ ਨਾ ਰਲਾਇਓ**
**ਮੇਰੀ ਜਿੰਦਗੀ ਵੀ ਕੀ? ਬਸ ਬੂਰ ਸਰਕੜੇ ਦਾ**
**ਆਹਾਂ ਦਾ ਸੇਕ ਕਾਫੀ ਤੀਲੀ ਬੇਸੱਕ ਨਾ ਲਾਇਓ**
**ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ**
**ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ**
**ਵਲਗਣ ’ਚ ਕੈਦ ਹੋਣਾ, ਮੇਰੇ ਨਹੀਂ ਮੁਆਫਕ**
**ਯਾਰਾਂ ਦੇ ਵਾਂਗ ਅਰਥੀ ਸੜਕਾਂ ’ਤੇ ਹੀ ਜਲਾਇਓ**
**ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ**
**ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ**
**ਮੇਰੀ ਮੌਤ ’ਤੇ ਨਾ ਰੋਇਓ...**

## ਖਾਣਾਂ ਵਿੱਚੋਂ ਕੋਲਾ ਕੱਢਣਾ ਹੈ ਜਾਂ ਨਹੀਂ ਇਸ ਸਬੰਧੀ ਹੁਣ ਲੀਡਰਾਂ ਦਰਮਿਆਨ ਚਰਚਾ ਹੋਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਵਿਰੋਧੀ ਧਿਰ ਐਨਡੀਪੀ ਵੱਲੋਂ ਪੇਸ਼ ਕੀਤੇ ਜਾਣ ਵਾਲੇ ਬਿਲ ਨੂੰ ਉਸ ਕਮੇਟੀ ਨੇ ਵਿਧਾਨਸਭਾ ਵਿੱਚ ਚਰਚਾ ਲਈ ਮਨਜ਼ੂਰੀ ਦੇ ਦਿੱਤੀ ਹੈ ਜਿਸ ਵਿੱਚ ਬਹੁਤੇ ਮੈਂਬਰ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ ਹਨ। ਸਾਰੇ ਮੈਂਬਰਾਂ ਨੇ ਸਰਬ-ਸੰਮਤੀ ਨਾਲ ਇਸ ਬਿਲ ਉੱਪਰ ਚਰਚਾ ਨੂੰ ਮਨਜ਼ੂਰੀ ਦਿੱਤੀ ਹੈ। ਐਨਡੀਪੀ ਲੀਡਰ ਰੇਚੈਲ ਨੌਟਲੀ ਇਸ ਬਿਲ ਨੂੰ ਪੇਸ਼ ਕਰਨਗੇ। ਜੇ ਇਹ ਬਿਲ ਪਾਸ ਹੁੰਦਾ ਹੈ ਤਾਂ ਇਹ ‘ਈਸਟਰਨ ਸਲੋਪਸ ਪ੍ਰੋਟੈਕਸ਼ਨ ਐਕਟ” ਬਣ ਜਾਵੇਗਾ। ਇਸ ਦਾ ਮਕਸਦ ਰੌਕੀ ਮਾਊਨਟੇਨਜ਼ ਦੀਆਂ ਪੂਰਬਲੀਆਂ ਢਲਾਨਾਂ ਤੋਂ ਕੋਲਾਂ ਕੱਢਣ ਦਾ ਕੰਮ ਬੰਦ ਕਰਨਾ, ਪਾਣੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣਾ ਅਤੇ ਇਸ ਇਲਾਕੇ ਦੀ ਲੈਂਡਸਕੇਪਿੰਗ ਨੂੰ ਤਬਦੀਲ ਹੋਣ ਤੋਂ ਰੋਕਣਾ ਹੈ। ਬਿਲ ਰਾਹੀਂ ਮੰਗ ਕੀਤੀ ਗਈ ਹੈ ਕਿ ਜਿਹੜੀਆਂ ਕੰਪਨੀਆਂ ਨੂੰ ਲੀਜ਼ ਦਿੱਤੀ ਗਈ ਹੈ, ਉਸ ਨੂੰ ਰੋਕਿਆ ਜਾਵੇ ਤੇ ਪਿਛਲੇ ਸਾਲ ਮਈ ਮਹੀਨੇ ਵਿੱਚ ਲਿਆਂਦੀ ਗਈ ਨੀਤੀ ਨੂੰ ਰੱਦ ਕੀਤਾ ਜਾਵੇ।


# ਕੈਮਲੂਪਸ ਵਿਖੇ ਕੰਮ ਕਰਨ ਵਾਲੇ 40 ਵਰਕਰਾਂ ਦੀ ਲੋੜ ਹੈ



ਛੱਤ ਦੇ ਹੇਠਾਂ ਕੰਮ ਹੈ।

10 ਘੰਟੇ ਹਰ ਰੋਜ ਕੰਮ ਹੋਵੇਗਾ।

ਦੂਰੋਂ ਆਉਣ ਵਾਲੇ ਕਾਮਿਆਂ ਲਈ ਰਹਿਣ ਸਹਿਣ ਦਾ ਪਰਬੰਧ ਵੀ ਹੋ ਜਾਵੇਗਾ।

ਕਾਲ : 1 250 319 7263


## ਬੱਚਿਆਂ ਦੀ ਸਾਂਭ ਸੰਭਾਲ ਵਾਲੇ 8 ਸੈਂਟਰਾਂ ਵਿੱਚ ਵੀ ਕਰੋਨਾ ਆ ਵੜਿਆ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ 8 ਚਾਇਲਡ ਕੇਅਰ ਫੈਸਿਲਿਟੀਆਂ ਵਿੱਚ ਕੋਰੋਨਾ ਵਾਇਰਸ ਦਾ ਫੈਲਾਅ ਦਰਜ ਕੀਤਾ ਜਾ ਰਿਹਾ ਹੈ ਤੇ ਕੁੱਲ 117 ਪੌਜ਼ਿਟਿਵ ਕੇਸ ਆਏ ਰਿਪੋਰਟ ਕੀਤੇ ਗਏ ਹਨ। ਹਨੀ ਬੀ ਡੇਅ ਕੇਅਰ ਸੈਂਟਰ ਅਤੇ ਮੌਂਟਸੌਰੀ ਸੈਨਟਰ ਦੀ ਡਾਇਰੈਕਟਰ ਸੌਦਾਮਿਨੀ ਬਾਲਿਕ ਦਾ ਕਹਿਣਾ ਹੈ ਕਿ ਮਈ 2020 ਤੋਂ ਬਾਦ ਉਹਨਾਂ ਕੋਲ ਇੱਕ ਵੀ ਕੇਸ ਨਹੀਂ ਆਇਆ ਸੀ ਪਰ ਇਸ ਸਾਲ ਮਾਰਚ ਵਿੱਚ ਇੱਕ ਸਟਾਫ਼ ਮੈਂਬਰ ਵਾਇਰਸ ਪੌਜ਼ਿਟਿਵ ਆ ਗਿਆ ਤੇ ਕੁੱਝ ਹੀ ਦਿਨਾਂ ਬਾਦ ਇੱਕ ਹੋਰ ਇਸ ਵਾਇਰਿਸ ਦੀ ਲਪੇਟ ਵਿੱਚ ਆ ਗਿਆ। ਬਾਲਿਕ ਨੇ ਕਿਹਾ ਕਿ ਸਾਰੇ ਸੁਰੱਖਿਆ ਪ੍ਰਬੰਧ ਕੀਤੇ ਗਏ ਤੇ ਸਾਰੀਆਂ ਸਿਹਤ ਹਿਦਾਇਤਾਂ ਦਾ ਪਾਲਨ ਕੀਤਾ ਜਾ ਰਿਹਾ ਹੈ। 15 ਮਾਰਚ ਤੋਂ ਦੋ ਹਫ਼ਤਿਆਂ ਲਈ ਫੈਸਿਲਿਟੀ ਨੂੰ ਬੰਦ ਕਰ ਦਿੱਤਾ ਗਿਆ ਸੀ। ਅਜਿਹੇ ਡੇਅ ਕੇਅਰ ਸੈਂਟਰਾਂ ਵਿੱਚ ਆਏ 117 ਕੇਸਾਂ ਵਿੱਚੋਂ 48 ਐਕਟਿਵ ਕੇਸ ਦਰਜ ਕੀਤੇ ਜਾ ਰਹੇ ਹਨ। ਮੌਜੂਦਾ ਸਮੇਂ ਸੈਡਲਰਿੱਜ ਡੇਅ ਕੇਅਰ, ਲਿਟਲ ਸਕੌਲਰਜ਼, ਕਿਡਜ਼ ਯੂ, ਕਿਡਜ਼ ਐਂਡ ਕੰਪਨੀ ਬ੍ਰਿਟੈਨੀਆ, ਹਨੀ ਬੀ ਡੇਅ ਕੇਅਰ ਐਂਡ ਮੌਂਟਸੌਰੀ, ਬ੍ਰਾਇਟਪੈਥ ਸਾਊਥਵੁਡ ਅਤੇ ਐਕਟਿਵ ਸਟਾਰਟ ਚਾਇਲਡ ਕੇਅਰ ਕੰਟਰੀਹਿਲਜ਼ ਸੈਂਟਰ ਵਿੱਚ ਇਹਨਾਂ ਕੇਸਾਂ ਦੇ ਸਾਹਮਣੇ ਆਉਣ ਦੀ ਰਿਪੋਰਟ ਹੈ।

## ਸਾਲ 1981 ਜਾਂ ਇਸ ਤੋਂ ਪਹਿਲਾਂ ਜਨਮ ਲੈਣ ਵਾਲਿਆਂ ਦੇ ਹੁਣ ਕਰੋਨਾ ਵੈਕਸੀਨ ਲੱਗ ਸਕੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 19 ਅਪਰੈਲ 2021 ਦੀ ਸਾਮ ਤੱਕ ਦੀ ਅੱਪਡੇਟ ਅਨੁਸਾਰ ਐਲਬਰਟਾ ਵਿੱਚ ਕੋਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਗਿਣਤੀ ਵਧਣ ਦੇ ਦਰਮਿਆਨ 1391 ਨਵੇਂ ਐਕਟਿਵ ਕੇਸ ਰਿਪੋਰਟ ਕੀਤੇ ਗਏ ਤੇ ਪੌਜ਼ਿਟਿਵਿਟੀ ਰੇਟ ਵਧ ਕੇ 11% ‘ਤੇ ਪਹੁੰਚ ਗਈ। ਸੂਬੇ ਦੇ ਹਸਪਤਾਲਾਂ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਸੰਖਿਆ 460 ਹੋ ਗਈ ਸੀ, ਜਿਹਨਾਂ ਵਿੱਚੋਂ 104 ਇੰਟੈਂਸਿਵ ਕੇਅਰ ਯੂਨਿਟਸ ਵਿੱਚ ਦਾਖ਼ਲ ਸਨ। 1390 ਕੇਸ 12500 ਟੈਸਟਾਂ ਵਿੱਚੋਂ ਆਏ ਸਨ ਜਿਸ ਕਾਰਨ ਪੌਜ਼ਿਟਿਵਿਟੀ ਦਰ ਵਧੀ ਦਰਜ ਕੀਤੀ ਗਈ ਹੈ। 3 ਹੋਰ ਵਿਅਕਤੀਆਂ ਦੀ




ਮੌਤ ਇਸ ਵਾਇਰਸ ਕਾਰਨ ਹੋਈ ਹੈ ਜਿਸ ਮਗਰੋਂ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ 2043 ‘ਤੇ ਪਹੁੰਚ ਗਈ ਹੈ। ਸਾਹਮਣੇ ਆਏ 1391 ਨਵੇਂ ਐਕਟਿਵ ਮਾਮਲਿਆਂ ਵਿੱਚੋਂ 1160 ਨਵੇਂ ਵੇਰੀਐਂਟ ਨਾਲ ਸੰਬੰਧਿਤ ਹਨ ਤੇ ਇਸ ਨਵੇਂ ਵੇਰੀਐਂਟ ਦੀ ਸੰਖਿਆ 56.8% ਹੋ ਗਈ ਹੈ। ਸੂਬੇ ਵਿੱਚ ਕੁੱਲ ਐਕਟਿਵ ਕੇਸਾਂ ਦੀ ਅੰਕੜਾ ਹੁਣ 8025 ਹੋ ਗਿਆ ਹੈ ਜਿਸ ਵਿੱਚੋਂ ਕੈਲਗਰੀ ਜ਼ੋਨ ਵਿੱਚ 4887 ਅਤੇ ਐਡਮੰਟਨ ਜ਼ੋਨ ਵਿੱਚ 2575 ਦਰਜ ਕੀਤੇ ਗਏ ਹਨ। 18 ਅਪ੍ਰੈਲ ਤੱਕ ਸੂਬੇ ਦੇ 11 ਲੱਖ 65 ਹਜ਼ਾਰ 223 ਵਿਅਕਤੀਆਂ ਨੂੰ ਕੋਵਿਡ-19 ਵੈਕਸਿਨ ਲੱਗ ਚੁੱਕੀ ਦਰਜ ਕੀਤੀ ਗਈ ਹੈ ਜਿਹਨਾਂ ਵਿੱਚੋਂ 2 ਲੱਖ 33 ਹਜ਼ਾਰ 340 ਨੂੰ ਦੋਵੇਂ ਡੋਜ਼ਿਜ਼ ਮਿਲ ਚੁੱਕੀਆਂ ਹਨ। ਐਲਬਰਟਾ ਵਿੱਚ ਬੀਤੇ ਮੰਗਲਵਾਰ ਤੋਂ ਉਹਨਾਂ ਸਾਰੇ ਲੋਕਾਂ ਨੂੰ ਕੋਵਿਡ-19 ਵੈਕਸਿਨ - ਐਸਟ੍ਰਾ-ਜ਼ੈਨੇਕਾ ਦਿੱਤੀ ਜਾਣੀ ਸ਼ੁਰੂ ਹੋ ਰਹੀ ਹੈ ਜਿਹਨਾਂ ਦਾ ਜਨਮ ਸਾਲ 1981 ਜਾਂ ਇਸ ਤੋਂ ਪਹਿਲਾਂ ਹੋਇਆ ਹੈ। -ਟੈਰੀ- ਅਤੇ ਮੈਨਿਟੋਬਾ ਦੇ ਨਾਲ ਨਾਲ ਐਲਬਰਟਾ ਨੇ ਵੀ ਐਸਟ੍ਰਾ-ਜ਼ੈਨੇਕਾ ਹਾਸਲ ਕਰਨ ਵਾਸਤੇ ਘੱਟੋ ਘੱਟ ਉਮਰ ਹੱਦ 55 ਸਾਲ ਤੋਂ ਘਟਾ ਕੇ 40 ਸਾਲ ਕਰ ਦਿੱਤੀ ਹੈ।


NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# 2022 'ਚ ਆਪਣੀ ਸਰਕਾਰ ਬਣਾਉਣ ਲਈ ਤਾਬੜ-ਤੋੜ ਰੈਲੀਆਂ ਕਰ ਕੇ ਸਿਰਧੜ ਦੀ ਬਾਜ਼ੀ ਲਗਾਉਣਗੇ ਕੈਪਟਨ ਅਤੇ ਸੁਖਬੀਰ



ਮਜੀਠਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਭਰ 'ਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਬੜ-ਤੋੜ ਰੈਲੀਆਂ ਕਰਦਿਆਂ ਤਕਰੀਬਨ ਇੱਕ ਸਾਲ ਪਹਿਲਾਂ ਹੀ ਪੰਜਾਬ ਭਰ ਦੇ ਵਿਧਾਨ ਸਭਾ ਹਲਕਿਆਂ 'ਚ ਅਕਾਲੀ ਦਲ ਵਲੋਂ ਲਗਾਤਾਰ ਉਮੀਦਵਾਰਾਂ ਦੇ ਨਾਂ ਐਲਾਨਣ ਦਾ ਸਿਲਸਿਲਾ ਜਾਰੀ ਰੱਖਿਆ ਹੈ। ਇਸ ਨੂੰ ਦੇਖਦਿਆਂ ਇਹੀ ਲੱਗਦਾ ਹੈ ਕਿ ਇਸ ਵਾਰ ਸੁਖਬੀਰ ਬਾਦਲ ਮੌਜੂਦਾ ਕਾਂਗਰਸ ਪਾਰਟੀ ਦੀ ਸਰਕਾਰ ਨੂੰ 2022 'ਚ ਪੂਰੀ ਤਰ੍ਹਾਂ ਢਾਹ ਲਗਾਉਣ ਦੇ ਨਾਲ-ਨਾਲ ਸੱਤਾ ਤੋਂ ਪਰ੍ਹੇ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੇ।
ਦੂਜੇ ਪਾਸੇ ਇਹ ਇੰਨਾ ਸੌਖਾ ਨਹੀਂ ਲੱਗ ਰਿਹਾ ਕਿਉਂਕਿ ਇਸ ਵੇਲੇ ਜਿਸ ਹਾਲਾਤ 'ਚ ਅਕਾਲੀ ਦਲ (ਬ) ਗੁਜ਼ਰ ਰਿਹਾ ਹੈ ਉਸ ਨੂੰ ਕਿਸੇ ਇੱਕ ਸਿਆਸੀ ਪਾਰਟੀ ਨਾਲ ਪਹਿਲਾਂ ਗਠਜੋੜ ਕਰਨਾ ਪਵੇਗਾ। ਉਸ ਤੋਂ ਬਾਅਦ ਗਠਜੋੜ ਕਰਨ ਵਾਲੀ ਪਾਰਟੀ ਨੂੰ ਵਿਧਾਨ ਸਭਾ ਦੀਆਂ ਸੀਟਾਂ ਲਈ ਉਮੀਦਵਾਰ ਐਲਾਨਣ ਲਈ ਦੇਣੀਆਂ ਪੈਣਗੀਆਂ।
ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਵਲੋਂ ਬੀਤੇ ਦਿਨੀਂ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਦਲਿਤ ਭਾਈਚਾਰੇ 'ਚੋਂ ਡਿਪਟੀ ਮੁੱਖ ਮੰਤਰੀ ਬਣਾਉਣ ਦੇ ਕੀਤੇ ਐਲਾਨ ਨਾਲ ਚਾਹੇ ਦਲਿਤਾਂ 'ਚ ਇਸ ਵੇਲੇ ਖ਼ੁਸ਼ੀ ਦੀ ਲਹਿਰ ਦੌੜ ਗਈ ਹੋਵੇ, ਪਰ ਆਉਣ ਵਾਲੇ ਸਮੇਂ 'ਚ ਜੇਕਰ ਸੁਖਬੀਰ ਬਾਦਲ ਆਪਣੀ ਕਹਿਣੀ ਨੂੰ ਕਰਨੀ 'ਚ ਬਦਲ ਦਿੰਦੇ ਹਨ ਤਾਂ ਫ਼ਿਰ ਸਮਝੋ ਅਕਾਲੀ ਦਲ ਦੀਆਂ ਪੌਂ-ਬਾਰਾਂ ਹੋਣਗੀਆਂ। ਉੱਧਰ ਦੂਜੇ ਪਾਸੇ ਜੇਕਰ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੱਲ ਕੀਤੀ ਜਾਵੇ ਤਾਂ ਕੈਪਟਨ ਸਾਹਿਬ ਨੇ ਵੀ ਸਮਾਂ ਰਹਿੰਦਿਆਂ ਮਹਿਲਾਵਾਂ ਨੂੰ ਸਰਕਾਰੀ ਬੱਸਾਂ 'ਚ ਮੁਫ਼ਤ ਸਫ਼ਰ ਸਹੂਲਤ ਦੇ ਕੇ ਅਜਿਹਾ ਜਾਲ ਵਿਛਾਇਆ ਕਿ ਇਸ ਵੇਲੇ ਮਹਿਲਾ ਵਰਗ ਕੈਪਟਨ ਸਿੰਘ ਦੇ ਗੁਣ ਗਾਉਂਦਾ ਨਹੀਂ ਥੱਕਦਾ। ਇਸ ਦੇ ਨਾਲ ਹੀ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕੈਪਟਨ ਅਮਰਿੰਦਰ ਸਿੰਘ ਵਲੋਂ ਵਿਛਾਏ ਇਸ ਫ਼ਰੀ ਸਫ਼ਰ ਰੂਪੀ ਜਾਲ ਦਾ ਕਿੰਨਾ ਕੁ ਲਾਭ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਮੁੜ ਪੰਜਾਬ ਦੀ ਸੱਤਾ 'ਤੇ ਕਾਬਜ਼ ਕਰਨ 'ਚ ਸਹਾਈ ਹੁੰਦਾ ਹੈ, ਇਹ ਤਾਂ ਹੁਣ ਚੋਣਾਂ ਦੌਰਾਨ ਹੀ ਪਤਾ ਚੱਲਣਾ ਹੈ ਕਿ ਕੈਪਟਨ ਸਿੰਘ ਦੇ ਵਾਰੇ ਨਿਆਰੇ ਹੁੰਦੇ ਹਨ ਜਾਂ ਫ਼ਿਰ ਇਸ ਜਾਲ 'ਚ ਕੈਪਟਨ ਸਿੰਘ ਖ਼ੁਦ ਹੀ ਫ਼ਸ ਜਾਂਦੇ ਹਨ। ਇਸ ਵੇਲੇ ਪੰਜਾਬ ਦੀ ਸਿਆਸਤ 'ਚ ਸਭ ਤੋਂ ਜ਼ਿਆਦਾ ਬੋਲਬਾਲਾ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਕਾਂਗਰਸ ਪਾਰਟੀ ਦਾ ਹੈ। ਅਕਾਲੀ ਦਲ ਨਾਲੋਂ ਵੱਖ ਹੋ ਕੇ ਆਪਣੀਆਂ-ਆਪਣੀਆਂ ਰਾਜਸੀ ਪਾਰਟੀਆਂ ਬਣਾਉਣ ਵਾਲੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਸੂਬੇ ਦੀ ਜਨਤਾ 'ਤੇ ਕੋਈ ਵੱਖਰੀ ਛਾਪ ਨਹੀਂ ਛੱਡ ਸਕੇ। ਉਧਰ ਜੇਕਰ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਤਾਂ ਉਹ ਵੀ ਪੰਜਾਬ ਦੀ ਜਨਤਾ 'ਤੇ ਆਪਣਾ ਜਾਲ ਸੁੱਟਣ ਲਈ ਹੌਲੀ-ਹੌਲੀ ਕਦਮ ਪੁੱਟ ਰਹੀ ਹੈ।

# ਅਮਰੀਕਾ ਦੀ ਮੋਸਟ ਵਾਂਟੇਡ ਸੂਚੀ 'ਚ ਬਖਸ਼ੀਸ਼ ਸਿੱਧੂ ਦਾ ਨਾਂ ਸ਼ਾਮਲ

ਵੈਨਕੂਵਰ (ਪੰਜਾਬੀ ਅਖਬਾਰ ਬਿਊਰੋ)- ਸਰੀ ਵਿਚਲੇ ਮਨੀ ਐਕਸਚੇਂਜ ਦੇ ਮਾਲਕ ਬਖਸ਼ੀਸ਼ ਸਿੰਘ ਸਿੱਧੂ ਦਾ ਨਾਂ ਅਮਰੀਕਾ ਦੀ ਮੋਸਟ ਵਾਂਟੇਡ ਵਿਰੁੱਧ ਦੋਸ਼ ਹਨ ਕਿ ਕੁਝ ਸਾਲ ਪਹਿਲਾਂ ਉਸ ਨੇ ਉੱਤਰੀ ਅਮਰੀਕਾ ਵਿਚਲੇ ਨਸ਼ਾ ਤਸਕਰਾਂ ਵਿੱਚ ਪੈਸੇ ਦੇ ਲੈਣ-ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਤੇ ਦੋ ਚੱਕਰਾਂ



ਦੋਸ਼ੀਆਂ ਦੀ ਸੂਚੀ ਵਿੱਚ ਆਇਆ ਹੈ। ਉਸ 'ਤੇ ਦੋਸ਼ ਹਨ ਕਿ ਕੁਝ ਸਾਲ ਪਹਿਲਾਂ ਉਹ ਅਮਰੀਕਾ, ਮੈਕਸੀਕੋ ਤੇ ਕੈਨੇਡਾ ਵਿੱਚ ਨਸ਼ਾ ਤਸਕਰਾਂ ਵਿੱਚ ਪੈਸੇ ਦਾ ਲੈਣ-ਦੇਣ ਅਤੇ ਹਵਾਲਾ ਕਾਰੋਬਾਰ ਕਰਦਾ ਰਿਹਾ। ਉਸ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵਾਇਰਲ ਹੋਈ ਫ਼ੋਟੋ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਸਰੀ ਵਿੱਚ ਬਸੰਤ ਫ਼ਾਰੈਕਸ ਦੇ ਨਾਮ ਹੇਠ ਲੋਕਾਂ ਦੀਆਂ ਰਕਮਾਂ ਭਾਰਤ ਭੇਜਣ ਜਾਂ ਮੰਗਵਾਉਣ ਦਾ ਧੰਦਾ ਕਰਦੇ ਬਖਸ਼ੀਸ਼ ਸਿੰਘ ਸਿੱਧੂ ਵਿੱਚ 11 ਲੱਖ ਡਾਲਰ ਲਾਸ ਵੇਗਾਸ ਪਹੁੰਚਾਏ। ਦੋਸ਼ ਪੱਤਰ ਵਿੱਚ ਦੱਸਿਆ ਗਿਆ ਕਿ ਅਮਰੀਕਨ ਭਾਈਵਾਲ ਨਾਲ ਉਸ ਦੀ ਗੱਲ ਕੋਡ ਭਾਸ਼ਾ ਵਿੱਚ ਹੁੰਦੀ ਸੀ ਤਾਂ ਕਿ ਕਿਸੇ ਹੋਰ ਨੂੰ ਸਮਝ ਨਾ ਲੱਗ ਸਕੇ। ਸ੍ਰੀ ਸਿੱਧੂ ਦਾ ਕਹਿਣਾ ਹੈ ਕਿ ਉਸ ਨੂੰ ਆਪਣੇ 'ਤੇ ਲੱਗੇ ਦੋਸ਼ਾਂ ਬਾਰੇ ਮੀਡੀਆ ਰਾਹੀਂ ਪਤਾ ਲੱਗਿਆ। ਉਸ ਨੇ ਇਸ 'ਤੇ ਹੋਰ ਟਿੱਪਣੀ ਕਰਨ ਤੋਂ ਨਾਂਹ ਕੀਤੀ। 'ਵੈਨਕੂਵਰ ਸੰਨ' ਦੀ ਇੱਕ ਰਿਪੋਰਟ ਮੁਤਾਬਕ ਸਿੱਧੂ ਦੇ ਵਕੀਲ ਦਾ ਕਹਿਣਾ ਹੈ ਕਿ ਉਹ ਅਮਰੀਕਾ ਵਿੱਚ ਚੰਗਾ ਵਕੀਲ ਕਰ ਕੇ ਕੇਸ ਲੜਨਗੇ।

# ਭਾਰਤ ਵਿੱਚ ਬਣੀ ਕੋਵਿਡ ਵੈਕਸੀਨ ਨਾਲ ਬਲੱਡ ਕਲੌਟ ਬਣਨ ਦਾ ਮਾਮਲਾ ਸਾਹਮਣੇ ਆਇਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਵਾਇਰਸ ਦੀ ਰੋਕਥਾਮ ਲਈ ਭਾਰਤ ਵਿੱਚ ਬਣੀ ਦਵਾਈ ਐਸਟ੍ਰਾ-ਜ਼ੈਨੇਕਾ ਦਾ ਕੈਨੇਡਾ ਵਿੱਚ ਇੱਕ ਮਰੀਜ਼ ਉੱਪਰ ਸਾਇਡ ਇਫੈਕਟ ਹੋਣ ਦਾ ਪਹਿਲਾ ਮਾਮਲਾ ਸਾਹਮਣੇ ਆ ਗਿਆ ਹੈ। ਪਬਲਿਕ ਹੈਲਥ ਏਜੰਸੀ ਔਫ਼ ਕੈਨੇਡਾ - ਪੀ.ਐਚ.ਏ.ਸੀ. ਅਤੇ ਕਿਊਬੈੱਕ ਹੈਲਥ ਮਨਿਸਟਰੀ ਦਾ ਕਹਿਣਾ ਹੈ ਕਿ ਕਿਊਬੈਕ ਦੀ ਇੱਕ ਔਰਤ ਨੇ ਇਹ ਦਵਾਈ ਲਗਵਾਈ ਸੀ ਤੇ ਉਸ ਵਿੱਚ ਬਲੱਡ ਕਲੌਟ ਦੀ ਸਮੱਸਿਆ ਆ ਗਈ ਹੈ। ਇਹ ਔਰਤ ਹੁਣ ਆਪਣੇ ਘਰ ਵਿੱਚ ਹੀ ਆਰਾਮ ਕਰ ਰਹੀ ਦੱਸੀ ਗਈ ਹੈ।




ਪੀ.ਐਚ.ਏ.ਸੀ. ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਸਮਸਿਆ ਦਾ ਆਉਣਾ ਬਹੁਤ ਹੀ ਘੱਟ ਹੁੰਦਾ ਹੈ ਤੇ ਹੁਣ ਤੱਕ ਦੇ ਮੌਜੂਦ ਸਬੂਤਾਂ ਅਤੇ ਅਧਿਐਨ ਦੇ ਅਧਾਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਦਵਾਈ ਅਸੁਰੱਖਿਅਤ ਨਹੀਂ ਹੈ। ਭਾਰਤ ਵਿੱਚ ਬਣੀ ਇਹ ਦਵਾਈ 'ਕੋਵਿਸ਼ੀਲਡ' ਦੇ ਨਾਮ ਨਾਲ ਜਾਣੀ ਜਾਂਦੀ ਹੈ। ਕੈਨੇਡਾ ਵਿੱਚ ਅਜੇ ਤੱਕ ਇਸ ਦਵਾਈ ਦੀ ਇੱਕ ਹੀ ਡੋਜ਼ ਲੱਗੀ ਹੈ ਤੇ ਦੂਜੀ ਡੋਜ਼ ਕਿਸੇ ਨੂੰ ਵੀ ਨਹੀਂ ਦਿੱਤੀ ਗਈ ਹੈ। ਮਾਰਚ ਵਿੱਚ ਇਹ ਦਵਾਈ 55 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਦੇਣ 'ਤੇ ਰੋਕ ਲਗਾ ਦਿੱਤੀ ਗਈ ਸੀ।

# ਸਕੂਲ ਸਟਾਫ ਨੂੰ ਪਹਿਲ ਦੇ ਅਧਾਰ ਉੱਪਰ ਟੀਕੇ ਲਗਾਏ ਜਾਣ ਦੀ ਮੰਗ ਉੱਠੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਕਈ ਸਕੂਲਾਂ ਵਿੱਚ ਚੱਲਦੇ ਰੈਪਿਡ ਸਕਰੀਨਿੰਗ ਟੈਸਟਾਂ ਦਾ ਦਾਇਰਾ ਵਧਾਉਣ ਦਾ ਐਲਾਨ ਕੀਤਾ ਹੈ। ਹੁਣ ਇਹ ਪ੍ਰੋਗਰਾਮ ਸੂਬੇ ਦੇ 300 ਸਕੂਲਾਂ ਵਿੱਚ ਚਲਾਇਆ ਜਾਵੇਗਾ। ਇਹ 4 ਲੱਖ ਟੈਸਟ ਐਡਮੰਟਨ, ਕੈਲਗਰੀ, ਗ੍ਰੈਂਡ ਪ੍ਰੇਅਰੀ ਅਤੇ ਲੈਥਬਰਿਜ ਦੇ ਸਕੂਲਾਂ ਵਿੱਚ ਕੀਤੇ ਜਾਣਗੇ ਤੇ ਇਹਨਾਂ ਰਾਹੀਂ 2 ਲੱਖ ਵਿਦਿਆਰਥੀਆਂ ਅਤੇ 2 ਲੱਖ ਸਟਾਫ਼ ਮੈਂਬਰਾਂ ਦੇ ਟੈਸਟ ਕੀਤੇ ਜਾ ਸਕਣਗੇ।




ਸੂਬੇ ਦੇ ਸਾਰੇ ਹੈਲਥ ਕੇਅਰ ਵਰਕਰਜ਼ ਲਈ ਟੀਕਾਕਰਨ ਸ਼ੁਰੂ ਹੋ ਰਿਹਾ ਹੈ। ਫੈਮਿਲੀ ਫਿਜ਼ਿਸ਼ਨਜ਼, ਉਹਨਾਂ ਦੇ ਸਟਾਫ਼, ਕਮਿਊਨਿਟੀ ਡੌਕਟਰਜ਼ ਤੇ ਸਟਾਫ਼, ਫਾਰਮਾਸਿਸਟਸ, ਡੈਂਟਿਸਟਸ ਅਤੇ ਕਾਇਰੋਪ੍ਰੈਕਟਰਜ਼, ਫਿਜ਼ਿ-ਥੈਰੇਪਿਸਟਸ ਅਤੇ ਔਪਟੋਮੈਟਰਿਸਟਸ ਆਦਿ ਇਸ ਤਹਿਤ ਆਪੋ ਆਪਣੇ ਟੀਕੇ ਲਗਵਾ ਸਕਣਗੇ। ਐਲਬਰਟਾ ਟੀਚਰਜ਼ ਐਸੋਸਿਏਸ਼ਨ ਨੇ ਮੰਗ ਕੀਤੀ ਹੈ ਕਿ ਸਾਰੇ ਸਕੂਲ ਸਟਾਫ਼ ਨੂੰ ਪਹਿਲ ਦੇ ਅਧਾਰ 'ਤੇ ਟੀਕੇ ਲਗਾਏ ਜਾਣ।

# ਆਹ ਫੜ ਟੀਕਿਆਂ ਦਾ ਆਉਣ ਜਾਣ ਦਾ ਭਾੜਾ

## ਤੁਸੀਂ ਕੋਵਿਡ ਵੈਕਸੀਨ ਲਗਵਾਉਣ ਜਾਓ ਤਾਂ ਤੁਹਾਨੂੰ ਸੀ ਟਰੇਨ ਦੀਆਂ 2 ਟਿਕਟਾਂ ਫਰੀ ਮਿਲਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੂਬੇ ਦੇ ਸਭ ਤੋਂ ਵੱਡੇ ਵੈਕਸਿਨ ਸੈਂਟਰ - ਕੈਲਗਰੀ ਡਾਊਨ-ਟਾਊਨ ਵਿਚਲੇ ਟੈੱਲਸ ਕਨਵੈਂਸ਼ਨ ਸੈਂਟਰ ਵਿੱਚ ਲੋਕਾਂ ਦੀ ਸਹੂਲਤ ਵਾਸਤੇ ਰਾਹਤ ਦਾ ਐਲਾਨ ਕੀਤਾ ਗਿਆ ਹੈ। ਜਿਹੜਾ ਵੀ ਵਿਅਕਤੀ ਇਸ ਸੈਂਟਰ ਤੋਂ ਕੋਵਿਡ-19 ਦੀ ਵੈਕਸਿਨ ਲਵੇਗਾ, ਉਸ ਨੂੰ ਟ੍ਰਾਂਜ਼ਿਟ ਦੀਆਂ 2 ਟਿਕਟਾਂ ਫਰੀ ਦਿੱਤੀਆਂ ਜਾਣਗੀਆਂ ਜਾਂ 90 ਮਿੰਟ ਵਾਸਤੇ ਫ੍ਰੀ ਪਾਰਕਿੰਗ ਲਈ ਸਪੌਟ ਰਾਖਵੇਂ ਰੱਖੇ ਜਾਣਗੇ। ਟੈੱਲਸ





ਕਨਵੈਂਸ਼ਨ ਸੈਂਟਰ ਸੈਂਟਰ ਸਟ੍ਰੀਟ ਸੀ-ਟ੍ਰੇਨ ਸਟੇਸ਼ਨ 'ਤੇ ਸਥਿੱਤ ਹੈ। ਲੰਘੀ 5 ਅਪ੍ਰੈਲ ਤੋਂ ਸ਼ੁਰੂ ਹੋਏ ਇਸ ਸੈਂਟਰ ਵਿੱਚ 120 ਵੈਕਸਿਨੇਸ਼ਨ ਸਟੇਸ਼ਨ ਬਣਾਏ ਗਏ ਹਨ ਜਿਹਨਾਂ ਰਾਹੀਂ ਹਰ ਦਿਨ 500 ਵਿਅਕਤੀਆਂ ਨੂੰ ਵੈਕਸਿਨੇਸ਼ਨ ਮਿਲ ਰਹੀ ਹੈ ਤੇ ਦਵਾਈ ਦੀ ਸਪਲਾਈ ਬਹਾਲ ਹੋਣ ਮਗਰੋਂ ਇੱਥੇ ਇੱਕ ਦਿਨ ਵਿੱਚ 5 ਹਜ਼ਾਰ ਵਿਅਕਤੀਆਂ ਨੂੰ ਦਵਾਈ ਲੱਗ ਸਕੇਗੀ। ਇਸ ਸੈਂਟਰ ਵਾਸਤੇ ਬੁਕਿੰਗ ਲਈ ਏ.ਐਚ.ਐਸ. ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

# ਆ ਗਏ ਨਵੇਂ ਦਿਸ਼ਾ-ਨਿਰਦੇਸ਼

## ਇਮੀਗ੍ਰੇਸ਼ਨ ਵਿਭਾਗ ਨੇ ਸਿਹਤ ਵਿਭਾਗ, ਉਚ ਮੁਹਾਰਿਤ ਰੱਖਣ ਵਾਲਿਆਂ ਦੇ ਪਰਿਵਾਰਾਂ ਲਈ ਖੋਲ੍ਹੇ ਦੁਆਰ-30 ਅਪ੍ਰੈਲ ਤੋਂ ਲਈਆਂ ਜਾਣਗੀਆਂ ਅਰਜ਼ੀਆਂ

ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ) ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਨੇ ਬੰਦ ਪਏ ਬਾਰਡਰਾਂ ਨੂੰ ਖੋਲ੍ਹਦੇ ਨਿਯਮਾਂ ਦੇ ਵਿਚ ਕੁਝ ਨਵੇਂ ਲੋਕਾਂ ਦੀ ਆਮਦ ਨੂੰ ਆਗਿਆ ਦਿੱਤੀ ਹੈ। ਹੁਣ ਸਰਕਾਰ ਨੇ ਕਿਹਾ ਹੈ ਕਿ ਨਿਊਜ਼ੀਲੈਂਡ ਦੇ ਵਿਚ ਜਿਹੜੇ ਲੋਕ ਸਿਹਤ ਵਿਭਾਗ ਦੇ ਵਿਚ ਕੰਮ ਕਰਦੇ ਹਨ ਜਾਂ ਫਿਰ ਬਹੁਤ ਹੀ ਉਚ ਮੁਹਾਰਿਤ ਕਿੱਤਿਆਂ ਦੇ ਵਿਚ ਕੰਮ ਕਰਦੇ ਹਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਇਥੇ ਆ ਸਕਣਗੇ। ਇਸ ਤੋਂ ਇਲਾਵਾ ਨਿਊਜ਼ੀਲੈਂਡ ਰਹੇ ਰਹੇ ਉਹ ਲੋਕ ਜਿਨ੍ਹਾਂ ਦੇ ਵਿਦੇਸ਼ ਰਹਿੰਦੇ ਪਾਰਟਨਰਜ਼ ਅਤੇ ਛੋਟੇ ਬੱਚਿਆਂ ਦੇ ਵੀਜੇ ਲੱਗੇ ਸਨ ਉਹ ਵੀ ਹੁਣ ਇਥੇ ਆ ਸਕਣਗੇ। ਪਰ ਸ਼ਰਤ ਇਹ ਹੈ ਕਿ ਇਥੇ ਰਹਿ ਰਿਹਾ ਮੈਂਬਰ ਪਿਛਲੇ 12 ਮਹੀਨਿਆਂ ਤੋਂ ਇਥੇ ਰਹਿੰਦਾ ਹੋਣਾ ਚਾਹੀਦਾ। ਇਮੀਗ੍ਰੇਸ਼ਨ ਮੰਤਰੀ ਕ੍ਰਿਸ ਫਾਫੂਈ ਨੇ ਕਿਹਾ ਹੈ ਕਿ ਇਸ ਛੋਟ ਦੇ ਨਾਲ ਸੈਂਕੜੇ ਪਰਿਵਾਰ ਇਥੇ ਆ ਕੇ ਆਪਣੇ ਪਰਿਵਾਰਾਂ ਦੇ ਨਾਲ ਮਿਲ ਸਕਣੇ। ਸਰਕਾਰ ਨੇ ਕੋਵਿਡ-19 ਦੇ ਚਲਦਿਆਂ ਵੱਖ-ਵੱਖ ਸ਼ਰਤਾਂ ਅਧੀਨ ਇਥੇ ਲੋਕਾਂ ਨੂੰ ਆਉਣ ਵਾਸਤੇ ਦਿਸ਼ਾ ਨਿਰਦੇਸ਼ ਲਾਗੂ ਕਰ ਦਿੱਤੇ ਸਨ, ਜਿਨ੍ਹਾਂ ਦੇ ਵਿਚ ਹੁਣ ਹਲਕੀ ਹਲਕੀ ਢਿੱਲ ਦਿੱਤੀ ਜਾ ਰਹੀ ਹੈ। ਨਵੇਂ ਦਿਸ਼ਾ ਨਿਰਦੇਸ਼ਾਂ ਹੇਠ ਹੁਣ ਵੀਜ਼ਾ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਮੰਤਰੀ ਸਾਹਿਬ ਨੇ ਕਿਹਾ ਹੈ ਕਿ "ਨਿਊਜ਼ੀਲੈਂਡ ਪੂਰੀ ਦੁਨੀਆ ਦਾ ਧਿਆਨ ਖਿੱਚ ਰਿਹਾ ਸੀ ਕਿ ਅਸੀਂ ਕੋਵਿਡ ਤੋਂ ਕਿਵੇਂ ਬਚ ਰਹੇ ਹਾਂ ਅਤੇ ਦੇਸ਼ ਦੀ ਆਰਥਿਕਤਾ ਕਿਵੇਂ ਬਚਾ ਰਹੇ ਹਾਂ। ਇਸ ਦਰਮਿਆਨ ਅਸੀਂ ਇਹ ਵੀ ਪੂਰੀ ਤਰ੍ਹਾਂ ਸਮਝਦੇ ਸਾਂ ਕਿ ਪ੍ਰਵਾਸੀ ਕਾਮਿਆਂ ਦੀਆਂ ਪਰਿਵਾਰਕ ਮੁਸ਼ਕਿਲਾਂ ਕਿਵੇਂ ਵਧੀਆ ਹਨ।" ਪਿਛਲੀਆਂ ਦਿੱਤੀਆਂ ਛੋਟਾਂ ਨਾਲ 13,000 ਲੋਕ ਇਥੇ ਆਪਣੇ ਵਿਛੜੇ ਪੱਕੇ ਅਤੇ ਨਾਗਰਿਕਤਾ ਵਾਲੇ ਪਰਿਵਾਰਾਂ ਦੇ ਨਾਲ ਆ ਕੇ ਮਿਲੇ ਸਨ ਅਤੇ 13,000 ਹੋਰ ਲੋਕ ਜੋ ਕਿ ਅਸਥਾਈ ਕੰਮ ਵੀਜੇ ਉਤੇ ਸਨ ਉਹ ਆ ਕੇ ਮਿਲੇ ਸਨ। ਇਸ ਤੋਂ ਇਲਾਵਾ 2500 ਉਹ ਪਰਿਵਾਰਕ ਮੈਂਬਰ ਵੀ ਆਏ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਥੇ ਬਹੁਤ ਹੀ ਮਹੱਤਵਪੂਰਨ ਸੰਕਟਮਈ ਕੰਮਾਂ ਵਿਚ ਲੱਗੇ ਸਨ। ਆਸਟਰੇਲੀਆ ਵਾਲਿਆਂ ਨੂੰ ਇਸ ਦੇ ਚਲਦਿਆਂ ਕੁਆਰਨਟੀਨ ਫ੍ਰੀ ਵਾਲੀ ਸਹੂਲਤ ਦਾ ਫਾਇਦਾ ਰਹੇਗਾ। ਨਵੀਆਂ ਛੋਟਾਂ ਵਾਲਿਆਂ ਲਈ ਅਰਜ਼ੀਆਂ 30 ਅਪ੍ਰੈਲ ਨੂੰ ਖੋਲ੍ਹੀਆਂ ਜਾਣਗੀਆਂ।




SMART CLINIC
YOUR HEALTH OUR MISSION
Opioids Dependency Treatment for Herion, Opium, Poppy seeds, Fentanyl,Codiene, Morphine and Alcohol Dependency Treatment etc.
Counselling including relapse prevention and harm reduction.
Referrals to detox centres and patients treatment facilities.
HIV/AIDS and Hep-C screening
SAY NO TO DRUGS
ਹੀਰੋਇਨ, ਅਫੀਮ, ਪੋਸਤ, ਮੋਰਫਿਨ, ਅਲਕੋਹਲ ਨਿਰਭਰਤਾ ਆਦਿ ਦਾ ਇਲਾਜ ਕੀਤਾ ਜਾਂਦਾ ਹੈ।
ਨਸ਼ਿਆਂ ਵੱਲ ਦੁਬਾਰਾ ਨਾ ਜਾਣ ਅਤੇ ਬਚਾਅ ਦੀ ਕਾਊਂਸਲਿੰਗ ਕੀਤੀ ਜਾਂਦੀ ਹੈ।
ਹੋਰ ਡੀਟੌਕਸ ਅਤੇ ਨਸ਼ਾ-ਛਡਾਊ ਕੇਂਦਰਾਂ ਦੇ ਰੈਫਰਲ ਫਾਰਮ ਭਰੇ ਜਾਂਦੇ ਹਨ।
HIV/AIDS ਅਤੇ HEP-C ਦੀ ਜਾਂਚ ਵੀ ਕੀਤੀ ਜਾਂਦੀ ਹੈ।
ਇਥੇ ਹਰ ਪ੍ਰਕਾਰ ਦੇ ਨਸ਼ੇ ਛੁੜਾਏ ਜਾਂਦੇ ਹਨ।
• Methadone and Suboxone Treatment Therapy
• Alcohol Dependency Treatment • Pain Management

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਕਨੇਡੀਅਨ ਸਰਕਾਰ ਏਅਰਲਾਈਨਾਂ ਦੀ ਮੱਦਦ ਉੱਪਰ ਆਣ ਖੜੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਸਰਕਾਰ ਨੇ ਆਖ਼ਰ ਏਅਰ ਕੈਨੇਡਾ ਨਾਲ ਕਰਾਰ ਕਰ ਹੀ ਲਿਆ ਹੈ ਕਿ ਕੋਰੋਨਾ ਮਹਾਮਾਰੀ ਕਾਰਨ ਹਵਾਈ ਯਾਤਰਾ 'ਤੇ ਲੱਗੀਆਂ ਪਾਬੰਦੀਆਂ ਕਾਰਨ ਕਾਰੋਬਾਰ ਦੇ ਵੱਡੇ ਨੁਕਸਾਨ ਦਾ ਬੋਝ ਝੱਲ ਰਹੀ ਏਅਰਲਾਇਨ ਨੂੰ ਸਰਕਾਰ ਨੇ 5.9 ਬਿਲੀਅਨ ਡਾਲਰ ਦਾ ਵਿੱਤੀ ਰਾਹਤ ਪੈਕੇਜ ਦੇਣ ਦਾ ਐਲਾਨ ਕਰ ਦਿੱਤਾ ਹੈ। ਕੈਨੇਡਾ ਦੀਆਂ ਦੋਵੇਂ ਵੱਡੀਆਂ ਏਅਰਲਾਇਨਜ਼ - ਏਅਰ ਕੈਨੇਡਾ ਅਤੇ ਵੈਸਟਜੈੱਟ ਵੱਲੋਂ ਪਿਛਲੇ ਸਾਲ ਤੋਂ ਹੀ ਸਰਕਾਰ ਤੋਂ ਆਰਥਕ ਰਾਹਤ ਦੀ ਮੰਗ ਕੀਤੀ ਜਾ ਰਹੀ ਸੀ। ਸਰਕਾਰ ਨੇ ਕਿਹਾ ਸੀ ਕਿ ਜੇ ਏਅਰਲਾਇਨਜ਼ ਆਪਣੇ ਯਾਤਰੀਆਂ ਨੂੰ ਉਹਨਾਂ ਦੀਆਂ ਰੱਦ ਹੋਈਆਂ ਫ਼ਲਾਇਟਾਂ ਵਾਸਤੇ ਰਿਫ਼ੰਡ ਕਰਦੀਆਂ ਹਨ ਤਾਂ ਹੀ ਸਰਕਾਰ ਉਹਨਾਂ ਨੂੰ ਰਕਮ ਦੀ ਭਰਪਾਈ ਕਰੇਗੀ। ਫ਼ਰਬਰੀ ਵਿੱਚ ਏਅਰ ਕੈਨੇਡਾ ਨੇ 17 ਇੰਟੇਰਨੈਸ਼ਨਲ ਰੂਟ ਸਸਪੈਂਡ ਕਰਦਿਆਂ 1700 ਕਰਮਚਾਰੀਆਂ ਨੂੰ ਕੰਮ ਤੋਂ ਫਾਰਗ਼ ਕਰ ਦਿੱਤਾ ਸੀ ਤੇ ਪਿਛਲੇ ਸਾਲ ਮਾਰਚ ਤੋਂ ਲੈ ਕੇ ਹੁਣ ਤੱਕ ਅੱਧੇ ਤੋਂ ਵੱਧ ਸਟਾਫ਼ ਫਾਰਗ਼ ਕੀਤਾ ਜਾ ਚੁੱਕਿਆ ਹੈ। ਹੁਣ ਨਵੇਂ ਸਮਝੌਤੇ ਤਹਿਤ ਫੈਡਰਲ ਸਰਕਾਰ ਏਅਰ ਕੈਨੇਡਾ ਨੂੰ 5.9 ਬਿਲੀਅਨ ਡਾਲਰ ਦਾ ਪੈਕੇਜ ਦੇਵੇਗੀ ਜਿਸ ਮਗਰੋਂ ਏਅਰਲਾਇਨ ਆਪਣੇ ਯਾਤਰੀਆਂ ਨੂੰ ਰਿਫ਼ੰਡ ਪ੍ਰਕਿਰਿਆ ਤੇਜ਼ ਕਰ ਸਕਦੀ ਹੈ। ਇਸ ਨਵੇਂ ਕਰਾਰ ਤਹਿਤ ਸਰਕਾਰ ਨੇ 5 ਬਿਲੀਅਨ ਡਾਲਰ ਦਾ ਕਰਜ਼ਾ ਦਿੱਤਾ ਹੈ, 500 ਮਿਲੀਅਨ ਡਾਲਰ ਦੇ ਸ਼ੇਅਰ ਖ਼ਰੀਦੇ ਹਨ ਤੇ 1.4 ਬਿਲੀਅਨ ਡਾਲਰ ਦਾ ਹੋਰ ਕਰਜ਼ਾ ਯਾਤਰੀਆਂ ਨੂੰ ਭੁਗਤਾਨ ਕਰਨ ਲਈ ਦਿੱਤਾ ਹੈ।

# ਜੇ ਵੈਕਸੀਨ ਸਮੇਂ ਸਿਰ ਲੱਗ ਜਾਵੇ ਤਾਂ ਇਸ ਸਾਲ ਸਟੈਂਪੀਡ ਦਾ ਮੇਲਾ ਵੀ ਲੱਗ ਸਕਦਾ ਹੈ-ਕੈਨੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਸਾਫ਼ ਸੰਕੇਤ ਦਿੱਤੇ ਜਾਣ ਮਗਰੋਂ ਕਿ ਇਸ ਸਾਲ ਸਟੈਂਪੀਡ ਕਰਵਾਈ ਜਾਵੇਗੀ ਅਤੇ ਵੈਕਸਿਨ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੋਣ ਦੇ ਮੱਦੇਨਜ਼ਰ ਸਮਰ ਫੈਸਟਿਵਲਜ਼ ਦੇ ਕੈਲਗਰੀ ਵਿੱਚ ਪਰਤਣ ਦੀ ਲਹਿਰ ਦਾ ਸਵਾਗਤ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਸਟੈਂਪੀਡ ਦਾ ਅਸਲ ਮੇਲਾ ਨਹੀਂ ਹੋਇਆ ਸੀ ਪਰ ਦੂਰੋਂ ਰਹਿ ਕੇ ਫਾਇਰ ਵਰਕਸ ਦੇਖੇ ਜਾ ਸਕੇ ਸਨ ਤੇ ਡ੍ਰਾਇਵ-ਥਰੂ ਪੈਨ-ਕੇਕ ਬ੍ਰੇਕਫਾਸਟ ਕਰਵਾਏ ਗਏ ਸਨ। ਕੈਲਗਰੀ ਮੇਅਰ ਨਾਹੀਦ ਨੈਂਸ਼ੀ ਦਾ ਕਹਿਣਾ ਹੈ ਕਿ ਇਸ ਸਾਲ ਸਥਿਤੀ ਪਿਛਲੇ ਸਾਲ ਦੇ ਮੁਕਾਬਲੇ ਵੱਖਰੀ ਹੋ ਸਕਦੀ ਹੈ। ਕੈਲਗਰੀ ਫੋਕ ਮਿਊਜ਼ਿਕ ਫੈਸਟਿਵਲ ਵਾਲੇ ਵੀ ਸਥਿਤੀ 'ਤੇ ਨਜ਼ਰ ਰੱਖੇ ਹੋਏ ਹਨ ਤੇ ਨਵੇਂ ਵੇਰੀਐਂਟ ਦੇ ਫੈਲਾਅ ਨੂੰ ਠੱਲ੍ਹ ਪੈਣ ਦੀ ਉਡੀਕ ਕਰ ਰਹੇ ਹਨ। ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਵਿੱਚ ਅਗਲੇ ਮਹੀਨੇ ਢਿੱਲਾਂ ਮਿਲਣ ਦੀ ਸੰਭਾਵਨਾ ਨੂੰ ਵੇਖਦਿਆਂ ਸਾਰੇ ਗਰੁੱਪਾਂ ਵੱਲੋਂ ਆਪਣੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪੈਟੀ-ਖੁੱਲ੍ਹੇ ਰੱਖੇ ਜਾ ਰਹੇ ਹੋਣ ਕਰਕੇ ਅਤੇ ਸਿਟੀ ਵੱਲੋਂ ਫੀਸ ਰਾਹਤ ਦਿੱਤੇ ਜਾਣ ਕਾਰਨ ਕਈ ਲੋਕ ਰਾਹਤ ਵੀ ਮਹਿਸੂਸ ਕਰ ਰਹੇ ਹਨ।















## ਕੋਵਿਡ ਪਾਬੰਦੀਆ ਦਾ ਵਿਰੋਧ ਕਰਨ ਵਾਲਾ ਅਲਬਰਟਾ ਵਿਧਾਨ ਸਭਾ ਦਾ ਸਪੀਕਰ ਹੁਣ ਮਾਫੀ ਮੰਗ ਗਿਆ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਦੇ ਸੂਬੇ ਭਰ ਵਿੱਚ ਸਿਹਤ ਸੰਬੰਧੀ ਪਾਬੰਦੀਆਂ ਲਾਗੂ ਕਰਨ ਦੇ ਫੈਸਲੇ ਦਾ ਵਿਰੋਧ ਕਰਨ ਵਾਲੇ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ 17 ਵਿਧਾਇਕਾਂ ਦੀ ਸੂਚੀ ਵਿੱਚ ਸ਼ਾਮਿਲ ਵਿਧਾਨਸਭਾ ਸਪੀਕਰ ਨੇਥਨ ਕੂਪਰ ਨੇ ਮਾਫੀ ਮੰਗ ਲਈ ਹੈ। ਵਿਧਾਨਸਭਾ ਦੇ ਡਿਬੇਟ ਚੇਂਬਰ ਵਿੱਚ ਆਪਣੀ ਸਟੇਟਮੈਂਟ ਪੜ੍ਹਦਿਆਂ ਨੇਥਨ ਕੂਪਰ ਨੇ ਕਿਹਾ ਕਿ ਸਪੀਕਰ ਹੋਣ ਦੇ ਨਾਤੇ ਉਹਨਾਂ ਦਾ ਨਿਊਟ੍ਰਲ ਜਾਂ ਨਿਰਪੱਖ ਰਹਿਣਾ ਬਹੁਤ




ਜ਼ਰੂਰੀ ਹੈ ਤੇ ਉਹਨਾਂ ਕੋਲੋਂ ਆਪਣੇ ਅਹੁਦੇ ਦੀ ਹੱਟ ਟੱਪੀ ਗਈ ਹੈ ਜਿਸ ਦੀ ਉਹ ਮਾਫੀ ਚਾਹੁੰਦੇ ਹਨ। ਪਿਛਲੇ ਹਫ਼ਤੇ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ 17 ਵਿਧਾਇਕਾਂ ਨੇ ਸੂਬਾ ਵਾਸੀਆਂ ਨੂੰ ਚਿੱਠੀ ਲਿਖ ਕੇ ਸਿਹਤ ਸੰਬੰਧੀ ਪਾਬੰਦੀਆਂ ਲਗਾਏ ਜਾਣ ਦਾ ਵਿਰੋਧ ਕੀਤਾ ਸੀ। ਜਦੋਂ ਪ੍ਰੀਮੀਅਰ ਜੇਸਨ ਕੈਨੀ ਕੋਲੋਂ ਪੁੱਛਿਆ ਗਿਆ ਸੀ ਕਿ ਸਪੀਕਰ ਨੇ ਵੀ ਇਸ ਚਿੱਠੀ 'ਤੇ ਹਸਤਾਖਰ ਕੀਤੇ ਸਨ ਤਾਂ ਪ੍ਰੀਮੀਅਰ ਨੇ ਕਿਹਾ ਕਿ ਉਹ 24 ਸਾਲ ਤੋਂ ਪਾਰਲੀਮਾਨੀ ਸਿਸਟਮ ਵਿੱਚ ਵਿਚਰ ਰਹੇ ਹਨ ਤੇ ਅਜਿਹਾ ਪਹਿਲੀ ਵਾਰ ਹੁੰਦਾ ਵੇਖਿਆ ਹੈ ਤੇ ਇਸ ਬਾਰੇ ਸਪੀਕਰ ਤੋਂ ਹੀ ਪੁੱਛਿਆ ਜਾਣਾ ਚਾਹੀਦਾ ਹੈ।

## ਕੈਲਗਰੀ ਅਤੇ ਐਡਮੰਟਨ ਵਿੱਚ ਖੁੱਲੇ ਦੋ ਟੀਕਾਕਰਨ ਸੈਂਟਰਾਂ ਉੱਪਰ 12000 ਟੀਕਾ ਇੱਕ ਦਿਨ ਵਿੱਚ ਲੱਗ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਸੂਬੇ ਵਿੱਚ ਹਰ ਹਫ਼ਤੇ 3 ਲੱਖ ਤੋਂ ਵੱਧ ਲੋਕਾਂ ਨੂੰ ਕੋਵਿਡ-19 ਵੈਕਸਿਨ ਦੀਆਂ ਡੋਜ਼ਿਜ਼ ਦੇਣ ਦਾ ਪ੍ਰਬੰਧ ਕਰ ਲਿਆ ਗਿਆ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਨੇ ਕਿਹਾ ਕਿ ਕੈਲਗਰੀ ਅਤੇ ਐਡਮੰਟਨ ਵਿੱਚ ਇੱਕ-ਇੱਕ ਨਵੀਂ ਰੈਪਿਡ ਫ਼ਲੋ-ਥਰੂ ਵੈਕਸਿਨੇਸ਼ਨ ਸਾਇਟ ਸਥਾਪਿਤ ਕੀਤੀ ਗਈ ਹੈ। ਐਡਮੰਟਨ ਵਿੱਚ ਇਹ ਫ਼ਲੋ-ਥਰੂ ਸਾਇਟ ਐਡਮੰਟਨ ਐਕਸਪੋ ਸੈਂਟਰ ਵਿੱਚ ਕੈਲਗਰੀ ਦੇ ਟੈਲੱਸ ਕਨਵੈਂਸ਼ਨ ਸੈਂਟਰ ਵਿੱਚ ਸਥਾਪਿਤ ਕੀਤੀ ਗਈ ਹੈ। 55 ਤੋਂ 64 ਸਾਲ ਦੀ ਉਮਰ ਦੇ ਸੂਬਾ ਵਾਸੀਆਂ ਨੂੰ ਇਹਨਾਂ ਕੇਂਦਰਾਂ 'ਤੇ ਅਪੌਇੰਟਮੈਂਟ ਬਣਾ ਕੇ ਐਸਟ੍ਰਾ-ਜ਼ੈਨੇਕਾ ਦਾ ਇੰਜੈਕਸ਼ਨ ਦਿੱਤਾ ਜਾਵੇਗਾ। ਇਹਨਾਂ ਸਾਇਟਸ 'ਤੇ ਇੱਕ ਘੰਟੇ ਵਿੱਚ 1000 ਵਿਅਕਤੀਆਂ ਨੂੰ



ਅਤੇ ਇੱਕ ਦਿਨ ਵਿੱਚ 6 ਹਜ਼ਾਰ ਵਿਅਕਤੀਆਂ ਨੂੰ ਇਹ ਡੋਜ਼ਿਜ਼ ਦਿੱਤੀਆਂ ਜਾ ਸਕਣਗੀਆਂ। ਸਕੂਲ ਸਟਾਫ਼, ਟੈਕਸੀ ਚਾਲਕ, ਬੌਰਡਰ ਪਾਰ ਕਰਕੇ ਜਾਣ ਵਾਲੇ ਟਰੱਕ ਚਾਲਕ, ਫਾਇਰ ਫਾਇਟਰਜ਼, ਟ੍ਰਾਂਜ਼ਿਟ ਡ੍ਰਾਇਵਰ, ਰੀਟੇਲ ਸਟੋਰਾਂ 'ਤੇ ਕੰਮ ਕਰਨ ਵਾਲੇ ਫ੍ਰੰਟ ਡੈਸਕ ਕਰਮਚਾਰੀ -ਸਭ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਪਹਿਲ ਦੇ ਅਧਾਰ 'ਤੇ ਵੈਕਸਿਨ ਦਿੱਤੀ ਜਾਵੇ। ਪ੍ਰੀਮੀਅਰ ਦਾ ਕਹਿਣਾ ਹੈ ਕਿ ਇਸ ਦਵਾਈ ਦੀ ਸਪਲਾਇ ਫੈਡਰਲ ਸਰਕਾਰ ਵੱਲੋਂ ਹੋ ਰਹੀ ਹੈ ਤੇ ਉਸੇ ਦੇ ਮੁਤਾਬਕ ਹੀ ਇਸ ਦੀ ਵੰਡ ਵੀ ਕੀਤੀ ਜਾ ਰਹੀ ਹੈ। ਜਦੋਂ ਹੀ ਦਵਾਈ ਦੀ ਸਪਲਾਇ ਖੁੱਲ੍ਹ ਜਾਂਦੀ ਹੈ, ਇਹ ਸਾਰਿਆਂ ਵਾਸਤੇ ਮੁਹੱਈਆਂ ਕਰਵਾਈ ਜਾਵੇਗੀ। ਵੈਕਸਿਨੇਸ਼ਨ ਰੋਲ ਆਊਟ ਪਲੈਨ ਦੇ 2-ਸੀ ਪੜਾਅ ਤਹਿਤ 17 ਲੱਖ ਸੂਬਾ ਵਾਸੀ ਇਹ ਦਵਾਈ ਲੈਣ ਦੇ ਯੋਗ ਹੋ ਗਏ ਹਨ।

## ਅੱਛਾ ! ਹੁਣ ਕੈਲਗਰੀ ਦੇ ਬੱਚੇ ਸੜਕਾਂ ਉੱਪਰ ਗੁੱਲੀ ਡੰਡਾ ਖੇਡ ਸਕਣਗੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਵੱਲੋਂ ਲਿਆਂਦੇ ਗਏ ਉਹ ਦੋ ਮੋਸ਼ਨ ਸਿਟੀ ਕੌਂਸਲ ਵੱਲੋਂ ਪਾਸ ਕਰ ਦਿੱਤੇ ਗਏ ਹਨ ਜਿਹਨਾਂ ਤਹਿਤ ਸ਼ਹਿਰ ਦੀਆਂ ਅੰਦਰੂਨੀ ਸੜਕਾਂ 'ਤੇ ਬੱਚਿਆਂ ਨੂੰ ਖੇਡਣ ਦੀ ਆਜ਼ਾਦੀ ਦੇਣ ਅਤੇ ਸਟੌਰਮ ਪੌਂਡ ਸੇਫ਼ਟੀ ਪ੍ਰੋਗਰੈਮ ਨੂੰ ਮੁੜ ਘੋਖਣ ਲਈ ਕਿਹਾ ਗਿਆ ਸੀ। ਕੌਂਸਲਰ ਚਾਹਲ ਦਾ ਕਹਿਣਾ ਹੈ ਕਿ ਪਬਲਿਕ ਸਪੇਸਿਜ਼ ਲੋਕਾਂ ਦੀ ਪਹੁੰਚ ਅੰਦਰ ਹੋਣ ਦੇ ਨਾਲ ਨਾਲ ਉਹਨਾਂ ਦਾ ਲੋਕਾਂ ਲਈ ਸੁਰੱਖਿਅਤ ਹੋਣਾ ਵੀ ਜ਼ਰੂਰੀ ਹੈ। ਸ਼ਹਿਰ ਵਿੱਚ 300 ਦੇ ਕਰੀਬ ਸਟੌਰਮ ਪੌਂਡ ਹਨ ਤੇ ਇਹਨਾਂ ਤੋਂ ਲੋਕਾਂ ਨੂੰ ਸੁਰੱਖਿਅਤ ਕਿਵੇਂ ਰੱਖਿਆ ਜਾਵੇ, ਇਸ ਬਾਰੇ ਔਡਿਟ ਕਰਵਾਇਆ ਜਾਵੇਗਾ ਤੇ ਸਾਲ 2022 ਦੇ ਅੰਤ ਤੱਕ ਇਸ ਸੰਬੰਧੀ ਰਿਪੋਰਟ ਆ ਜਾਵੇਗੀ। ਜਿਹੜੇ ਅਜਿਹੇ ਪੌਂਡ ਸਕੂਲਾਂ, ਗ੍ਰਾਊਂਡਾਂ ਅਤੇ ਪਾਰਕਾਂ ਦੇ ਨੇੜੇ ਹਨ, ਉਹਨਾਂ ਵਾਸਤੇ ਸ਼ੌਰਟ-ਟਰਮ ਇੰਪਰੂਵਮੈਂਟਸ ਇਸੇ ਸਾਲ ਤੱਕ ਤਜਵੀਜ਼ ਕੀਤੀਆਂ ਜਾ ਸਕਣਗੀਆਂ। ਚਾਹਲ ਨੇ ਦੱਸਿਆ ਕਿ ਸਾਲ 2018 ਵਿੱਚ ਇੱਕ ਨੌਜਵਾਨ ਸੈਡਲਰਿਜ ਦੇ ਇੱਕ ਪੌਂਡ ਵਿੱਚ ਡੁੱਬ ਜਾਣ ਕਾਰਨ ਮਾਰਿਆ ਗਿਆ ਸੀ ਤੇ ਪਿਛਲੇ ਸਾਲ ਕੁੱਝ ਬਜ਼ੁਰਗਾਂ ਨੇ 2 ਟੀਨੇਜਰ ਲੜਕੀਆਂ ਨੂੰ ਆਪਣੀ ਪੱਗ ਨਾਲ ਬਚਾਇਆ ਸੀ। ਹੁਣ ਸ਼ਹਿਰ ਦੀਆਂ ਅੰਦਰੂਨੀ ਸੜਕਾਂ 'ਤੇ ਗੱਡੀਆਂ ਦੀ ਸਪੀਡ ਲਿਮਿਟ ਘਟਾ ਕੇ 40 ਕਿਲੋਮੀਟਰ ਕਰਨ ਮਗਰੋਂ ਅੰਦਰਲੀਆਂ ਸੜਕਾਂ 'ਤੇ ਬੱਚਿਆਂ ਨੂੰ ਸਟ੍ਰੀਟ ਗੇਮਜ਼ ਦੀ ਆਗਿਆ ਵੀ ਮਿਲ ਰਹੀ ਹੈ। ਹੁਣ ਮੇਅਰ ਨਾਹੀਦ ਨੈਂਸ਼ੀ ਸੂਬਾ ਸਰਕਾਰ ਨੂੰ ਨਿਯਮਾਂ-ਕਨੂੰਨ ਵਿੱਚ ਜ਼ਰੂਰ ਸੋਧਾਂ ਕਰਨ ਲਈ ਚਿੱਠੀ ਲਿਖਣਗੇ।

## ਜੈਸਨ ਕੈਨੀ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਇਹ ਸਮਾਂ ਲਾਪਰਵਾਹੀ ਵਰਤਣ ਦਾ ਨਹੀਂ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ



ਹੈ ਕਿ ਸੂਬੇ ਵਿੱਚ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਵਿੱਚ ਇਸ ਮਹੀਨੇ ਕੋਈ ਰਾਹਤ ਦਿੱਤੇ ਜਾਣ ਦਾ ਸਵਾਲ ਹੀ ਨਹੀਂ ਹੈ ਤੇ ਇਸ ਮਹੀਨੇ ਦੇ ਅਖੀਰ ਤੱਕ ਕੋਵਿਡ-19 ਪੌਜ਼ਿਟਿਵ ਕੇਸਾਂ ਦੀ ਗਿਣਤੀ ਪ੍ਰਤੀ ਦਿਨ ਔਸਤਨ 2000 ਤੱਕ ਅੱਪੜ ਸਕਦੀ ਹੈ। ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਕੈਨੀ ਨੇ ਕਿਹਾ ਕਿ ਵੇਰੀਐਂਟ ਦੇ ਮਾਮਲੇ ਅਲ਼ਾਰਮਿੰਗ ਸਪੀਡ ਨਾਲ ਵਧ ਰਹੇ ਹਨ। ਮੌਜੂਦਾ ਦਰ ਨੂੰ ਵੇਖਦਿਆਂ ਆਓਦੇ ਦਿਨਾਂ ਵਿੱਚ ਹਸਪਤਲਾਂ ਵਿੱਚ ਦਾਖ਼ਲ ਹੋਣ ਵਾਲੇ ਵਿਅਕਤੀਆਂ ਦੀ ਗਿਣਤੀ ਵੀ ਵਧ ਕੇ 500 ਤੋਂ 600 ਦੇ ਦਰਮਿਆਨ ਤੱਕ ਜਾ ਸਕਦੀ ਹੈ। ਉਹਨਾਂ ਇਕ ਵਾਰ ਫਿਰ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਹ ਸਮਾਂ ਲਾਪਰਵਾਹੀ ਵਰਤਣ ਦਾ ਨਹੀਂ ਹੈ ਤੇ ਤੇ ਉਹ ਸਾਰੀਆਂ ਸਿਹਤ ਸੰਬੰਧੀ ਹਿਦਾਇਤਾਂ ਦਾ ਪਾਲਨ ਕਰਨ ਤਾਂ ਕਿ ਇਸ ਬਿਮਾਰੀ ਉੱਪਰ ਕਾਬੂ ਪਾ ਕੇ ਜਨ-ਜੀਵਨ ਆਮ ਵਾਂਗ ਬਹਾਲ ਕੀਤਾ ਜਾ ਸਕੇ।



























ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
redstonecommunity.ca
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000 CALGARY, AB T2Z 3W4
SALES@SOUTHPOINTETOYOTA.COM 7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

ਵਿਦੇਸ਼ੀ ਵਸਦਾ ਪੰਜਾਬੀ ਭਾਈਚਾਰਾ ਆਪੋ ਆਪਣੇ ਤਰੀਕਿਆਂ ਨਾਲ ਫੋਨ ਕਾਲ, ਸੋਸ਼ਲ ਮੀਡੀਆ, ਰੋਸ ਰੈਲੀਆਂ ਅਤੇ ਮੁਜਾਹਰਿਆਂ ਦੇ ਰੂਪ ਵਿੱਚ ਕਿਸਾਨੀ ਅੰਦੋਲਨ ਦੀ ਹਮਾਇਤ ਕਰਦਾ ਆ ਰਿਹਾ ਹੈ।

**ਅਸੀਂ ਕੈਮ ਟਰਾਂਸਪੋਰਟ ਦੇ ਸਮੂਹ ਸਟਾਫ ਵੱਲੋਂ ਕਿਸਾਨੀ ਅੰਦੋਲਨ ਵਿੱਚ ਜੁਟੇ ਕਿਸਾਨੀ ਯੋਧਿਆਂ ਨੂੰ ਵਿਸਵਾਸ ਦਿਵਾਉਂਦੇ ਹਾਂ ਕਿ ਅਸੀਂ ਤੁਹਾਡੇ ਨਾਲ ਹਾਂ**

CAM TRANSPORT
REGINA, SK

**Cam Transport Offers:**

- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover



**ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ**

**Currently Hiring Drivers and Owner Operators for Canada (Prairies) and USA Runs.**

- Must Have-Clean Driver Abstract
- Clear Criminal Record

**Office: 306 910-0100**
Email: Info@cam transport.ca
1014 Kearns Cres Regina (SK) S4K 0A1

Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313

**ਕੀ ਤੁਹਾਨੂੰ ਪਤਾ ਹੈ?**
**ਤੁਹਾਡੇ ਘਰ ਦੀਆਂ ਚਾਬੀਆਂ ਖੁਸ਼ ਸਿੱਧੂ ਕੋਲ ਹਨ।**



***Luxuria Homes Luxury Comes Standard***

LUXURIA HOMES
inspired homes for inspired living

Fully loaded Front Garage homes
**starting from low $450,000.00,**
1720 sqft with built in standard kitchen appliance package

- ਤੁਸੀਂ ਨਵਾਂ ਘਰ ਸਾਥੋਂ ਖਰੀਦੋ ਅਸੀਂ ਤੁਹਾਡਾ ਪੁਰਾਣਾ ਘਰ ਫਰੀ ਲਿਸਟ ਕਰਾਂਗੇ
- ਇੱਕ ਮਹੀਨੇ ਵਿੱਚ ਡੀਲ ਸਿਰੇ ਚਾੜਦੇ ਹੋ ਤਾਂ ਫਰੀ ਡੈੱਕ ਬਣਵਾ ਸਕਦੇ ਹੋ
- 36 ਫੁੱਟ ਚੌੜੀਆਂ ਰੈਗੂਲਰ ਰਵਾਇਤੀ ਲਾਟਾਂ
- 33 ਫੁੱਟ ਚੌੜੀਆਂ ਜ਼ੀਰੋ ਲਾਟਾਂ
- ਵਾਕ ਆਊਟ ਪੌਂਡ ਦੇ ਕਿਨਾਰੇ ਵਾਲੀਆਂ ਲਾਟਾਂ
- ਨਾਰਥ ਅਤੇ ਈਸਟ ਫੇਸ ਕਰਦੀਆਂ ਲਾਟਾਂ





ਕਾਰਨਰ ਸਟੋਨ ਵਿੱਚ ਨਵਾਂ ਘਰ ਖਰੀਦਣ ਲਈ ਸੰਪਰਕ ਕਰੋ
ਖੁਸ਼ ਸਿੱਧੂ ਕਮਿਓਨਿਟੀ ਮੈਨੇਜਰ
ਲਗਜ਼ਰੀਆ ਹੋਮਜ਼ ਕਾਰਨਰ ਸਟੋਨ ਕੈਲਗਰੀ


Above the Crowd!®

**RE/MAX COMPLETE REALTY**
REAL ESTATE PERFECTIONIST
**(403) 918-0152**

**KHUSH SIDHU**
B.B.A, S R E S, A B R
REALTOR

# ਪੁਸਤਕ ਸਮੀਖਿਆ ਰਾਮਗੜ੍ਹੀਆ ਵਿਰਾਸਤ




ਪੰਜਾਬੀ ਅਖ਼ਬਾਰ Punjabi Akhbaar PunjabiAkhbaar.ca



**ਸਮੀਖਿਆਕਾਰ**
-- ਜਗਦੇਵ ਸਿੱਧੂ
403 351 1136

**ਸੰਨ 1783 ਵਿੱਚ ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਨਾਲ ਰਲ ਕੇ ਦਿੱਲੀ ਤੇ ਕਬਜ਼ਾ ਕਰਨ ਮਗਰੋਂ ਲਾਲ ਕਿਲੇ ਦੇ ਚਾਲੀ ਥੰਮ੍ਹ ਅਤੇ ਤਖ਼ਤੇ-ਤਾਊਸ ਹੇਠਲੀ ਸੰਗਮਰਮਰੀ ਸਿੱਲ ਨੂੰ ਅਮ੍ਰਿਤਸਰ ਲਿਆ ਕੇ ਬੁੰਗਾ ਰਾਮਗੜ੍ਹੀਆ ਵਿੱਚ ਸਥਾਪਤ ਕੀਤਾ ਜੋ ਅੱਜ ਤਕ ਉਸ ਜਿੱਤ ਦੀ ਗਵਾਹੀ ਵਜੋਂ ਸ਼ੁਭਾਇਮਾਨ ਹਨ।**

ਕੋਈ ਦੋ ਦਰਜਨ ਪੁਸਤਕਾਂ ਦਾ ਲੇਖਕ \ ਸੰਪਾਦਕ, ਜੈਤੇਗ ਸਿੰਘ ਅਨੰਤ ਪੰਜਾਬੀ ਸਾਹਿਤ ਜਗਤ ਦਾ ਉਹ ਉਘੜਵਾਂ ਸਤਿਕਾਰਯੋਗ ਹਸਤਾਖਰ ਹੈ ਜਿਸ ਦੀ ਹਰੇਕ ਰਚਨਾ ਜਾਂ ਪੁਸਤਕ ਆਪਣੇ ਆਪ ਪੜ੍ਹਨ ਨੂੰ ਜੀਅ ਕਰਦਾ ਹੈ, ਪਰ ਹਥਲੀ ਪੁਸਤਕ 'ਰਾਮਗੜ੍ਹੀਆ ਵਿਰਾਸਤ', ਜਿਲਦ-1, ਇਸ ਦੇ ਆਕਾਰ, ਦਿੱਖ, ਮਜ਼ਮੂਨ, ਸਮੱਗਰੀ, ਵੰਨਗੀ ਅਤੇ ਖੋਜ ਦੇ ਪੱਖੋਂ ਇੱਕ ਨਿਵੇਕਲੀ, ਵਿਲੱਖਣ ਅਤੇ ਵਿਚਿੱਤਰ ਪੁਸਤਕ ਹੈ। ਇਸ ਨੂੰ ਕਾਫ਼ੀ-ਟੇਬਲ- ਪੁਸਤਕ ਵੀ ਕਿਹਾ ਜਾ ਸਕਦਾ ਹੈ। ਇਸ ਦੇ 148 ਸਚਿਤਰ ਸਫ਼ੇ ਢੁਕਵੀਆਂ ਰੰਗਦਾਰ ਫੋਟੋਆਂ, ਚਿਤਰਾਂ ਅਤੇ ਪੇਂਟਿੰਗਾਂ ਨਾਲ ਸਜਾਏ ਗਏ ਹਨ। ਨਾਲ ਹੀ ਲੋੜੀਂਦੇ ਬਿਰਤਾਂਤ ਅੰਕਿਤ ਕੀਤੇ ਗਏ ਹਨ। ਕੁੱਲ ਮਿਲਾ ਕੇ ਰਾਮਗੜ੍ਹੀਆ ਵਿਰਾਸਤ ਬਾਰੇ ਸਾਰੇ ਪੱਖ ਉਜਾਗਰ ਕੀਤੇ ਗਏ ਹਨ, ਕੁਝ ਵੀ ਅਣਛੋਹਿਆ ਨਹੀਂ ਰਿਹਾ। ਇਹ ਨਾ ਸਿਰਫ ਇੱਕ ਫਿਰਕੇ ਜਾਂ ਬਰਾਦਰੀ ਦਾ ਗੌਰਵਮਈ ਇਤਿਹਾਸਕ ਚਿਤਰਣ ਹੈ ਸਗੋਂ ਸਾਰੇ ਸਿੱਖ ਸਮਾਜ ਤੋਂ ਲੈ ਕੇ ਹਰੇਕ ਵਰਗ ਲਈ ਚਾਨਣ-ਮੁਨਾਰਾ ਅਤੇ ਪ੍ਰੇਰਣਾ-ਸਰੋਤ ਵੀ ਹੈ। ਇਸ ਵਿੱਚ ਬਿਆਨ ਕੀਤੀਆਂ ਸ਼ਖ਼ਸ਼ੀਅਤਾਂ ਦਾ ਯੋਗਦਾਨ ਸਮੁੱਚੀ ਮਾਨਵਤਾ ਲਈ ਹੈ ਨਾ ਕਿ ਕਿਸੇ ਖਾਸ ਵਰਗ ਲਈ। ਸੰਪਾਦਕ ਖ਼ੁਦ ਮੰਨਦਾ ਹੈ ਕਿ ਸੰਤ ਮਹਾਂਪੁਰਖ ਸਾਂਝੇ ਹੁੰਦੇ ਹਨ। ਉਹ ਜਾਤ-ਗੋਤ ਦੇ ਭਿੰਨ ਭੇਦ ਤੋਂ ਉਪਰ ਹੁੰਦੇ ਹਨ। ਮਿਹਨਤ, ਦਿਆਨਤਦਾਰੀ, ਸਿਦਕ, ਸਿਰੜ ਅਤੇ ਲਗਨ ਨਾਲ ਏਨੀ ਵਡਮੁੱਲੀ ਜਾਣਕਾਰੀ ਸੁਚੱਜੇ ਰੂਪ ਵਿੱਚ ਪੇਸ਼ ਕਰਨ ਸਮੇਂ ਜੈਤੇਗ ਸਿੰਘ ਅਨੰਤ ਬੜੀ ਹਲੀਮੀ ਨਾਲ ਕਹਿੰਦਾ ਹੈ--ਸੇਵਕ ਕਉ ਸੇਵਾ ਬਨਿ ਆਈ। ਸ਼ੁਰੂ ਵਿੱਚ ਪੂਰੇ ਪੰਨੇ ਤੇ ਜਸਵੰਤ ਸਿੰਘ ਦਾ ਬਣਾਇਆ ਹੋਇਆ, ਗੁਰੂ ਨਾਨਕ ਦੇਵ ਜੀ ਦਾ ਉਦਾਸੀਆਂ ਦੇ ਪੰਧ ਨੂੰ ਦਰਸਾਉਂਦਾ ਕਮਾਲ ਦਾ ਅਰਥ ਭਰਪੂਰ ਚਿਤਰ ਹੈ ਜੋ ਨਿਹਾਰਨ ਨਾਲ ਸੁਤੇ ਸਿੱਧ ਮਨ-ਮਸਤਕ ਅੰਦਰ ਉਕਰਿਆ ਜਾਂਦਾ ਹੈ=ਪਰਬਤਾਂ ਨੂੰ ਪਾਰ ਕਰਦਾ ਕਦਮ, ਲੰਮੇ ਦੁਰਗਮ ਪੈਂਡੇ ਵਾਲੇ ਸਫਰ ਨੂੰ ਤਹਿ ਕਰਨ ਵਾਲੇ ਮਜ਼ਬੂਤ ਲੱਤਾਂ-ਪੈਰ, ਅਧਿਆਤਮਿਕਤਾ ਨੂੰ ਦਰਸਾਉਂਦੀ ਮਾਲਾ ਦੀ ਲੜੀ, ਸੰਤ ਸੁਭਾਅ ਦਾ ਚਿੰਨ੍ਹ ਚੋਲਾ ਤੇ ਖੜਾਵਾਂ, ਬਿਖੜਾ ਕੰਡੇਦਾਰ ਪਹਾੜੀ ਰਸਤਾ, ਮਜ਼ਬੂਤੀ ਨਾਲ ਟਿਕਿਆ ਹੋਇਆ ਸੱਜਾ ਪੈਰ ਅਤੇ ਦ੍ਰਿੜ੍ਹ ਇਰਾਦੇ ਨਾਲ ਪੈਂਡਾ ਤਹਿ ਕਰਨ ਲਈ ਚੁੱਕਿਆ ਹੋਇਆ ਖੱਬਾ ਪੈਰ। ਇੱਕ ਤਰ੍ਹਾਂ ਨਾਲ ਇਹ ਚਿਤਰ ਪੁਸਤਕ ਦੀ ਉਸ ਸਾਰੀ ਸਮੱਗਰੀ ਦਾ ਅਗਾਊਂ ਸੂਚਕ ਹੈ ਜੋ ਸਿੱਖ ਧਰਮ ਦੀ ਚੜ੍ਹਦੀ ਕਲਾ ਨੂੰ ਰੂਪਮਾਨ ਕਰਦੀ ਹੈ। ਜੱਸਾ ਸਿੰਘ ਰਾਮਗੜ੍ਹੀਆ ਦਾ ਕੰਧ ਚਿਤਰ ਆਪਣੀ ਥਾਂ ਤੇ ਮਹੱਤਵ ਪੂਰਨ ਹੈ। 1749 ਈ. ਵਿੱਚ ਨੌਜੁਆਨ ਜੱਸਾ ਸਿੰਘ ( ਭੰਮਰਾ ਪਰਿਵਾਰ ਚੋਂ ) ਨੇ ਰਾਮ ਰੌਣੀ ਦੇ ਕਿਲੇ ਦਾ ਨਾਂ ਬਦਲ ਕੇ ਰਾਮ ਗੜ੍ਹ ਰੱਖ ਦਿੱਤਾ

ਜਿਸ ਕਰ ਕੇ ਉਸਨੂੰ ਰਾਮਗੜ੍ਹੀਆ ਕਿਹਾ ਜਾਣ ਲੱਗਾ ਜੋ ਮਗਰੋਂ ਇਸ ਪਿਤਾ-ਪੁਰਖੀ ਕਿੱਤੇ ਦੇ ਪਰਿਵਾਰਾਂ ਨਾਲ ਗੌਰਵ ਸਹਿਤ ਜੁੜ ਗਿਆ। ਇਸ ਕਿੱਤੇ ਦੇ ਪੁਰਖਿਆਂ ਵਿੱਚੋਂ ਭਾਈ ਲਾਲੋ ਜੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖਾਂ ਵਿੱਚ ਮੰਨੇ ਜਾਂਦੇ ਹਨ। ਗੁਰੂ ਜੀ ਨੂੰ ਆਪਣੇ ਹੱਥੀਂ ਬਣਾਈ ਹੋਈ ਰਬਾਬ ਭੇਟ ਕਰਨ ਵਾਲੇ ਬਾਬਾ ਫਰਿੰਦਾ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਰਾਗ ਮਾਲਾ ਦੇ ਰਚੇਤਾ ਭਾਈ ਆਲਮ ਜੀ ਸੈਂਭੀ ਸਮੇਤ ਗੁਰੂ ਕਾਲ ਦੇ 88 ਨਾਂ ਦਰਜ ਕੀਤੇ ਗਏ ਹਨ ਜਿਨ੍ਹਾਂ ਨੇ ਜ਼ਿਕਰਯੋਗ ਯੋਗਦਾਨ ਪਾਇਆ। ਰਾਮਗੜ੍ਹੀਆ ਮਿਸਲ ਦੇ ਬਾਨੀ, ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਸਿੱਖ ਮਿਸਲਾਂ ਦੀ ਕਾਇਮੀ ਅਤੇ ਸਿੱਖ ਰਾਜ ਦੀ ਸਥਾਪਤੀ ਵਿੱਚ ਪਾਏ ਯੋਗਦਾਨ ਬਾਰੇ ਰੰਗਦਾਰ ਤਸਵੀਰਾਂ ਸਮੇਤ ਢੁਕਵਾਂ ਵਰਨਣ ਹੈ। ਉਸ ਨੇ ਆਪਣੀ ਮਿਸਲ ਦੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ ਨੂੰ ਬਣਾ ਕੇ ਮਿਸਲ ਵਿੱਚ 362 ਕਿਲਿਆਂ ਦਾ ਨਿਰਮਾਣ ਕਰਵਾਇਆ। ਸੰਨ 1783 ਵਿੱਚ ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਨਾਲ ਰਲ ਕੇ ਦਿੱਲੀ ਤੇ ਕਬਜ਼ਾ ਕਰਨ ਮਗਰੋਂ ਲਾਲ ਕਿਲੇ ਦੇ ਚਾਲੀ ਥੰਮ੍ਹ ਅਤੇ ਤਖ਼ਤੇ-ਤਾਊਸ ਹੇਠਲੀ ਸੰਗਮਰਮਰੀ ਸਿੱਲ ਨੂੰ ਅਮ੍ਰਿਤਸਰ ਲਿਆ ਕੇ ਬੁੰਗਾ ਰਾਮਗੜ੍ਹੀਆ ਵਿੱਚ ਸਥਾਪਤ ਕੀਤਾ ਜੋ ਅੱਜ ਤਕ ਉਸ ਜਿੱਤ ਦੀ ਗਵਾਹੀ ਵਜੋਂ ਸ਼ੁਭਾਇਮਾਨ ਹਨ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਬਾਬਾ ਰਾਮ ਸਿੰਘ ਨਾਮਧਾਰੀ ਵੱਲੋਂ ਅੰਗ੍ਰੇਜ਼ ਹਕੂਮਤ ਖਿਲਾਫ਼ ਨਾ-ਮਿਲਵਰਤਣ ਲਹਿਰ ਚਲਾ ਕੇ ਆਜ਼ਾਦੀ ਸੰਗ੍ਰਾਮ ਦਾ ਬਿਗਲ ਵਜਾਇਆ। ਕੂਕਾ ਅੰਦੋਲਨ ਦੇ ਇਸ ਦੌਰ ਵਿੱਚ ਕਿੰਨੇ ਹੀ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। 17 ਜਨਵਰੀ,1871 ਵਾਲੇ ਦਿਨ ਮਲੇਰਕੋਟਲੇ ਦੇ ਰੱਕੜ ਵਿੱਚ ਤੋਪਾਂ ਨਾਲ ਉਡਾਏ ਗਏ 66 ਸਿੰਘਾਂ ਵਿੱਚੋਂ ਪੰਜ ਰਾਮਗੜ੍ਹੀਏ ਸਨ। ਇਸੇ ਸਮੇਂ ਪਿੰਡ ਰੜ ਦੇ ਬਾਰਾਂ ਵਰ੍ਹਿਆਂ ਦੇ ਬਾਲਕ ਬਿਸ਼ਨ ਸਿੰਘ ਨੇ ਰੋਹ ਵਿੱਚ ਆ ਕੇ ਡਿਪਟੀ ਕਮਿਸ਼ਨਰ ਕਾਵਨ ਦੀ ਦਾੜ੍ਹੀ ਨੂੰ ਹੱਥ ਪਾ ਲਿਆ, ਉਸ ਨੂੰ ਤਲਵਾਰ ਨਾਲ ਟੋਟੇ ਕਰ ਕੇ ਸ਼ਹੀਦ ਕੀਤਾ ਗਿਆ। ਇੱਕ ਹੋਰ ਚੈਪਟਰ ਵਿੱਚ ਇਨ੍ਹਾਂ ਦੇ ਕਿਰਤ, ਸ਼ਿਲਪ ਅਤੇ ਸੰਗੀਤ ਦੇ ਖੇਤਰਾਂ ਵਿੱਚ ਪਾਏ ਗਏ ਵਡਮੁੱਲੇ ਯੋਗਦਾਨ ਦੀ ਗਾਥਾ ਹੈ। ਲੇਖਕ ਮੁਤਾਬਕ ਇਨ੍ਹਾਂ ਦੀਆਂ ਰਗਾਂ ਵਿੱਚ ਸਖਤ ਮਿਹਨਤ, ਲਲਿਤ ਅਤੇ ਸੂਖਮ ਕਲਾ ਦੀ ਚਾਸ਼ਨੀ ਵਾਲਾ ਖ਼ੂਨ ਦੌੜਦਾ ਹੈ। ਸੰਗੀਤ ਦੀ ਪ੍ਰੰਪਰਾ ਭਾਈ ਲਾਲੋ ਤੋਂ ਸ਼ੁਰੂ ਹੋ ਕੇ ਅੱਗੇ ਜਾ ਕੇ ਸ਼ਬਦ ਕੀਰਤਨ, ਰਾਗ ਵਿੱਦਿਆ, ਗੁਰਮਤਿ ਸੰਗੀਤ ਅਤੇ ਲੋਕ ਸੰਗੀਤ ਦੇ ਜ਼ਰੀਏ ਇਸ ਬਰਾਦਰੀ ਨੂੰ ਗੌਰਵਮਈ ਸਥਾਨ ਪ੍ਰਦਾਨ ਕਰਦੀ ਹੈ। ਮਹਾਨ ਕੀਰਤਨੀਏ ਸੰਤ ਸਰਵਣ ਸਿੰਘ ਜੀ, ਭਾਈ ਹਰਚੰਦ ਸਿੰਘ ਕਲਸੀ, ਭਾਈ ਗੋਪਾਲ ਸਿੰਘ ਜੀ ( ਤਿੰਨੇ ਨੇਤਰ ਜੋਤ ਤੋਂ ਵਿਰਵੇ ), ਗਾਇਕ ਦੀਦਾਰ ਸਿੰਘ ਪਰਦੇਸੀ, ਗ਼ਜ਼ਲ ਗਾਇਕ ਜਗਜੀਤ ਸਿੰਘ, ਲੋਕ ਗਾਇਕ ਸੁਰਿੰਦਰ ਛਿੰਦਾ, ਰਣਜੀਤ ਕੌਰ, ਗੀਤਕਾਰ ਹਰਦੇਵ ਸਿੰਘ ਦਿਲਗੀਰ (ਦੇਵ ਥਰੀਕੇ ਵਾਲਾ ), ਇੰਦਰਜੀਤ ਹਸਨਪੁਰੀ ਬਾਰੇ ਬਣਦੀ ਜਾਣਕਾਰੀ ਦਿੱਤੀ ਗਈ ਹੈ। ਸ਼ਿਲਪ ਕਲਾ, ਚਿਤਰਕਾਰੀ ਅਤੇ ਇਮਾਰਤਸਾਜ਼ੀ ਤਾਂ ਜਿਵੇਂ ਇਨ੍ਹਾਂ ਦੇ ਕੁਦਰਤੀ ਹੁਨਰ ਹਨ। ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਚਿਤਰਕਾਰ ਕੇਹਰ ਸਿੰਘ ਸੀ। ਭਾਈ ਮਹਿਤਾਬ ਸਿੰਘ ਤੇ ਭਾਈ ਗਿਆਨ ਸਿੰਘ ਨਕਾਸ਼ ਨੇ ਹਰਿਮੰਦਰ ਸਾਹਿਬ ਵਿੱਚ ਲੰਮਾ ਸਮਾਂ ਜੜਤ, ਟੁਕੜੀ ਤੇ ਪਚਾਦਾਰੀ ( ਟਰੈਸਕੋ ) ਦੀ ਮੁਹਾਰਤ ਨਾਲ ਫੁੱਲ ਪੱਤੀਆਂ, ਜੀਵ-ਜੰਤੂ ਆਦਿ ਦੇ ਡੀਜ਼ਾਈਨਾਂ ਰਾਹੀਂ ਸਜਾਵਟੀ ਨੱਕਾਸ਼ੀ ਦਾ ਮਿਸਾਲੀ ਕੰਮ ਕੀਤਾ। ਐਸ. ਜੀ. ਠਾਕਰ ਸਿੰਘ ਪਹਿਲਾ ਭਾਰਤੀ ਚਿਤਰਕਾਰ ਸੀ ਜਿਸ ਦੀ ਪੇਂਟਿੰਗ 'ਆਫਟਰ ਬਾਥ'ਨੂੰ ਬ੍ਰਿਟਿਸ਼ ਅੰਪਾਇਰ ਚਿਤਰ ਪ੍ਰਦਰਸ਼ਨੀ ਲੰਡਨ ਵਿੱਚ 500 ਪੌਂਡ ਦਾ ਦੂਜਾ ਇਨਾਮ ਮਿਲਿਆ। ਸੋਭਾ ਸਿੰਘ ਆਰਟਿਸਟ ਦੇ ਬਣਾਏ ਗੁਰੂ ਸਾਹਿਬਾਨ ਅਤੇ ਸੋਹਣੀ ਮਹੀਂਵਾਲ ਦੇ ਚਿਤਰ ਘਰ ਘਰ ਦੀ ਸ਼ਾਨ ਬਣੇ। ਜੀ.ਐਸ. ਸੋਹਨ ਸਿੰਘ, ਕਿਰਪਾਲ ਸਿੰਘ ਤੇ ਹੋਰ ਅਨੇਕਾਂ ਚਿਤਰਕਾਰ, ਜਿਨ੍ਹਾਂ ਨੇ ਇਸ ਖੇਤਰ ਵਿੱਚ ਦੇਸ਼-ਵਿਦੇਸ਼ਾਂ ਅੰਦਰ ਨਾਮਣਾ ਕਮਾਇਆ, ਉਨ੍ਹਾਂ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੇ ਨਾਮਵਰ ਖਿਡਾਰੀਆਂ ਦੇ ਯੋਗਦਾਨ ਨੂੰ ਵੀ ਅਣਗੌਲਿਆਂ ਨਹੀਂ ਕੀਤਾ। ਇਨ੍ਹਾਂ ਖਿਡਾਰੀਆਂ ਵਿੱਚੋਂ ਮੁੱਖ ਤੌਰ ਤੇ ਕੀਨੀਆ ਹਾਕੀ ਟੀਮ ਦਾ ਖਿਡਾਰੀ ਤੇ ਐਫ, ਆਈ. ਐਚ. ਦਾ ਅੰਪਾਇਰ ਮਹਾਂ ਸਿੰਘ, ਸਫਾਰੀ ਰਿਲੇਅ ਦਾ ਅਫ਼ਰੀਕਨ ਡਰਾਈਵਰ ਜੋਗਿੰਦਰ ਸਿੰਘ, ਹਾਕੀ ਖਿਡਾਰੀ ਵਰਿੰਦਰ ਸਿੰਘ, ਅਥਲੀਟ ਬਹਾਦਰ ਸਿੰਘ ਸੱਗੂ, ਕ੍ਰਿਕਟ ਖਿਡਾਰੀ ਮੌਂਟੀ ਪਨੇਸਰ, ਹਰਭਜਨ ਸਿੰਘ, ਜਸਪ੍ਰੀਤ ਬਮਰਾ ਆਦਿ ਹਨ।

ਸੰਤ ਮਹਾਂ ਪੁਰਖਾਂ ਵਿੱਚ ਮੋਟੇ ਤੌਰ ਤੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ, ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਦਾ ਵਿਸ਼ੇਸ਼ ਸਥਾਨ ਹੈ। ਸਨਅਤੀ ਖੇਤਰ ਤਾਂ ਕੁਦਰਤੀ ਤੌਰ ਤੇ ਇਨ੍ਹਾਂ ਦੇ ਹਿੱਸੇ ਆਇਆ ਹੈ। ਸਨਅਤੀ ਮਸ਼ੀਨਰੀ, ਖੇਤੀਬਾੜੀ ਦੀ ਮਸ਼ੀਨਰੀ, ਸੰਦ, ਔਜ਼ਾਰ, ਕਲ-ਪੁਰਜ਼ੇ, ਤਿਆਰ ਕਰਨ ਵਾਲੇ ਕਿੰਨੇ ਹੀ ਛੋਟੇ ਵੱਡੇ ਅਦਾਰੇ ਇਨ੍ਹਾਂ ਦੇ ਉੱਦਮ ਨਾਲ ਚਲ ਰਹੇ ਹਨ। ਪ੍ਰਮੁੱਖ ਅਦਾਰਿਆਂ ਦਾ ਉਲੇਖ ਦਿੱਤਾ ਗਿਆ ਹੈ।


ਉੱਘੇ ਸਾਹਿਤਕਾਰਾਂ ਬਾਰੇ ਫੋਟੋਆਂ ਸਹਿਤ ਦਿਲਚਸਪ ਵਿਵਰਣ ਹੈ। ਮੇਰਾ ਪਿੰਡ ਦੇ ਲੇਖਕ ਗਿਆਨੀ ਗੁਰਦਿੱਤ ਸਿੰਘ, ਬਹੁ-ਵਿਧਾਵੀ ਸਾਹਿਤਕਾਰ ਸੁਖਬੀਰ, ਗਿਆਨ ਪੀਠ ਵਿਜੇਤਾ ਗੁਰਦਿਆਲ ਸਿੰਘ, ਡਾ. ਹਰਿਭਜਨ ਸਿੰਘ, ਆਤਮ ਹਮਰਾਹੀ, ਸੁਰਜੀਤ ਪਾਤਰ, ਬੀਬਾ ਬਲਵੰਤ, ਜਸਵੰਤ ਜ਼ਫ਼ਰ ਤੇ ਹੋਰਾਂ ਬਾਰੇ ਬਣਦੀ ਜਾਣ-ਪਛਾਣ ਕਰਾਈ ਗਈ ਹੈ। ਵਿਦੇਸ਼ਾਂ ਅੰਦਰ ਵਸਦੇ ਸਾਹਿਤਕਾਰਾਂ-ਪੂਰਨ ਸਿੰਘ ਯੂ. ਕੇ., ਹਰਜੀਤ ਦੌਧਰੀਆ, ਕੇਸਰ ਸਿੰਘ ਨੀਰ, ਨਵਤੇਜ ਭਾਰਤੀ, ਅਜਮੇਰ ਰੋਡੇ, ਸੁਰਜੀਤ ਕਲਸੀ, ਸੁਰਿੰਦਰ ਧੰਜਲ ਹੁਰਾਂ ਦੇ ਯੋਗਦਾਨ ਨੂੰ ਵੀ ਕਬੂਲਿਆ ਗਿਆ ਹੈ। ਪੱਤਰਕਾਰੀ ਵਿੱਚ ਸਰਦੂਲ ਸਿੰਘ ਕਵੀਸ਼ਰ, ਮੁਨਸ਼ਾ ਸਿੰਘ ਦੁਖੀ, ਅਰਜਨ ਸਿੰਘ ਗੜਗੱਜ, ਹਰਬੀਰ ਸਿੰਘ ਭੰਵਰ, ਸੁਰਜਨ ਜ਼ੀਰਵੀ, ਪ੍ਰੇਮ ਪ੍ਰਕਾਸ਼, ਦਲਬੀਰ ਸਿੰਘ, ਹਰਕੰਵਲਜੀਤ ਸਿੰਘ ਸਮੇਤ ਕਈ ਵਰਨਣਯੋਗ ਨਾਂ ਵੇਰਵੇ ਸਹਿਤ ਵਿਦਮਾਨ ਹਨ। ਉਨ੍ਹਾਂ ਦੁਆਰਾ ਚਲਾਏ ਗਏ ਅਖ਼ਬਾਰਾਂ ਤੇ ਰਸਾਲਿਆਂ ਦਾ ਉਲੇਖ ਹੈ। ਭਵਨ ਨਿਰਮਾਣ ਕਲਾ ਸ਼ੈਲੀ ਵਿੱਚ ਸਰਵੋਤਮ ਇਮਾਰਤਸਾਜ਼ ਹੋਏ ਹਨ ਜਿਨ੍ਹਾਂ ਦੀ ਇਮਾਰਤਸਾਜ਼ੀ ਦੀ ਕਲਾ ਵਿੱਚ ਮੁਗ਼ਲ ਇਮਾਰਤਸਾਜ਼ੀ, ਪ੍ਰਾਚੀਨ ਭਾਰਤੀ ਆਰਕੀਟੈਕਚਰ ਦੋਹਾਂ ਦੇ ਸੁਮੇਲ ਤੋਂ ਬਣੀ ਵਿਲੱਖਣ ਅਤੇ ਨਿਆਰੀ ਸਿੱਖ ਇਮਾਰਤਸਾਜ਼ੀ ਦੀ ਕਲਾ ਦੇ ਦਰਸ਼ਨ ਹੁੰਦੇ ਹਨ। ਫੋਟੋਗ੍ਰਾਫੀ ਵਿੱਚ ਕਈ ਕਿਸਮ ਦੀਆਂ ਸ਼੍ਰੇਣੀਆਂ ਦੇ ਫੋਟੋ ਕਲਾਕਾਰਾਂ ਬਾਰੇ ਲੋੜੀਂਦਾ ਵਿਸਥਾਰ ਮਿਲਦਾ ਹੈ। ਇਸ ਬਰਾਦਰੀ ਦੇ ਸਨਅਤੀ ਖੇਤਰ, ਵਿਦਿਅਕ ਅਦਾਰਿਆਂ, ਸਰਕਾਰੀ ਸੇਵਾਵਾਂ, ਸਿਹਤ, ਸੈਨਾ, ਧਾਰਮਿਕ ਖੇਤਰ, ਸਿਆਸਤ ਵਿੱਚ ਗੁਣਾਤਮਕ ਪੱਖੋਂ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸ਼ੀਅਤਾਂ ਦਾ ਰੰਗਦਾਰ ਫੋਟੋਆਂ ਸਮੇਤ ਸੰਖੇਪ ਬਿਓਰਾ ਪੜ੍ਹਨ-ਵੇਖਣ ਦੇ ਲਾਇਕ ਹੈ। ਮਹੱਤਵ ਪੂਰਨ ਇਤਿਹਾਸਕ ਇਮਾਰਤਾਂ, ਸਥਾਨਾਂ, ਸਮਾਗਮਾ, ਸਮਾਰੋਹਾਂ, ਕਾਨਫਰੰਸਾਂ, ਦਸਤਾਵੇਜ਼ਾਂ, ਚਿੰਨ੍ਹਾਂ ਵਗੈਰਾ ਦੀਆਂ ਤਸਵੀਰਾਂ ਇੱਕ ਹੋਰ ਪਹਿਲੂ ਪੂਰਾ ਕਰਦੀਆਂ ਹਨ। ਇਹ ਪੁਸਤਕ ਪਹਿਲੀ ਜਿਲਦ ਹੈ ਜਿਸਤੋਂ ਲਗਦਾ ਹੈ ਕਿ ਰਹਿ ਗਈਆਂ ਤਰੁਟੀਆਂ ਸੁਧਰਨ ਜਾਂ ਰਹਿ ਗਈ ਅਹਿਮ ਜਾਣਕਾਰੀ ਸਾਹਮਣੇ ਲਿਆਉਣ ਖਾਤਰ ਅਗਲੀ ਜਿਲਦ ਲਈ ਯਤਨ ਕਰਨ ਦੀ ਉਮੀਦ ਹੈ। ਇਸ ਮੁੱਢਲੇ ਕਾਰਜ ਦੀ ਤਾਰੀਫ਼ ਕਰਨੀ ਬਣਦੀ ਹੈ। ਇਹ ਪੁਸਤਕ ਅਜਿਹਾ ਦਸਤਾਵੇਜ਼ ਹੈ ਜਿਸ ਨੂੰ ਨਾ ਸਿਰਫ਼ ਕਾਫ਼ੀ-ਟੇਬਲ ਦੇ ਸ਼ਿੰਗਾਰ ਵਜੋਂ ਰੱਖਣਾ ਉਚਿਤ ਹੈ ਸਗੋਂ ਆਪਣੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਧਿਆਨ ਗੋਚਰੇ ਕਰਨ ਲਈ ਨਾ-ਯਾਬ ਤੋਹਫ਼ਾ ਹੈ। ਕੈਨੇਡਾ ਵਿੱਚ ਇਸ ਨੂੰ ਪ੍ਰਾਪਤ ਕਰਨ ਲਈ ਸੋਮੇ ਹਨ--**ਜੈਤੇਗ ਸਿੰਘ ਅਨੰਤ,ਸਰੀ, ਬੀ. ਸੀ** : 708 385 8141 **ਜਾਂ ਕੇਸਰ ਸਿੰਘ ਨੀਰ, ਕੈਲਗਰੀ** : 403 293 9039.


ਸੁਰਿੰਦਰ ਸਿੰਘ ਸ਼ਿੰਦਾ


ਰਣਜੀਤ ਕੌਰ


ਸੁਰਜੀਤ ਪਾਤਰ


ਇੰਦਰਜੀਤ ਸਿੰਘ ਨਿੱਕੂ



ਭਾਈ ਰਣਜੀਤ ਸਿੰਘ ਜਥੇਦਾਰ


ਦੀਦਾਰ ਸਿੰਘ ਪਰਦੇਸੀ


ਦੇਵ ਥਰੀਕੇਵਾਲਾ


SHAGANAPPI GM
HOME OF THE 10 YEAR WARRANTY
VAISAKHI
ASK FOR NAV
2021 GMC SIERRA 2500 HD SLE
$439 B/W
STK.17133
2021 GMC TERRAIN SLE
NOW
$34,798
$42,116
STK.G6351
2021 GMC SIERRA DENALI 1500
$499 B/W
STK.17183
2021 CHEVROLET LT
NOW
$33,613
$40,683
STK.C6088
WWW.SHAGANAPPI.COM
403.288.0444
Rebates to dealer, Lease @ 4.99 for 84 months. D.O.D 1,48.90 | 1,420.69 Errors and omission exempt. The dealer has the right to cancel promotion at anytime.


ਕਨੇਡਾ ਭਰ ਅੰਦਰ 10 ਲੋਕੇਸ਼ਨਾਂ ਦੀ ਕਾਮਯਾਬੀ ਤੋਂ ਬਾਦ ਹੁਣ 11ਵੀਂ ਲੋਕੇਸ਼ਨ
ਏਸ਼ੀਅਨ ਫੂਡ ਸੈਂਟਰ ਸਵਾਨਾ ਬਾਜ਼ਾਰ ਕੈਲਗਰੀ ਵਿੱਚ ਖੁੱਲ ਗਿਆ ਹੈ।
ASIAN FOOD CENTRE
ਤਾਜ਼ੀਆਂ ਸਬਜ਼ੀਆਂ, ਫਲ ਫਰੂਟ, ਡਰਾਈ ਫਰੂਟ , ਗਰੋਸਰੀ ਅਤੇ ਘਰ ਵਿੱਚ ਵਰਤਿਆ ਜਾਣ ਵਾਲਾ ਸਮਾਨ ਆਦਿ ਇੱਕੋ ਜਗਾਹ ਉੱਪਰ ਮਿਲਦਾ ਹੈ
2110
ਵਧੀਆ ਕੁਆਲਿਟੀ - ਕੀਮਤਾਂ ਤੁਹਾਡੀ ਜੇਬ ਅਨੁਸਾਰ
2110,5850-88 Ave NE Calgary (AB) T3J 0Z7 Tel: 403 568 9911


BHINDER EXTERIORS LTD.
BHINDER EXTERIOR
ਕੁਦਰਤ ਦੀ ਗੜ੍ਹੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com